ਕੈਨੇਡੀਅਨ
# ਪੰਜਾਬੀ ਪੋਸਟ

Award winning news paper | Canadian Punjabi Post

Vol 18 * Issue 16
Daily Newspaper Thursday, January 24, 2019
Tel: 905-793-2202 Fax: 905-793-2282 news@punjabipost.ca

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2

# ਅਮਰੀਕਾ ਨੇ ਮੈਂਗ ਦੀ ਹਵਾਲਗੀ ਲਈ ਬੇਨਤੀ ਕਰਨ ਦੀ ਕੀਤੀ ਪੁਸ਼ਟੀ, ਚੀਨ ਨੇ ਜਤਾਇਆ ਵਿਰੋਧ



ਬੀਜਿੰਗ, 23 ਜਨਵਰੀ (ਪੋਸਟ ਬਿਊਰੋ) : ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਦਾ ਕਹਿਣਾ ਹੈ ਕਿ ਹੁਆਵੇਈ ਤੀ ਐਗਜ਼ੈਕਟਿਵ ਮੈਂਗ ਵਾਨਜ਼ੋਊ ਦੀ ਹਵਾਲਗੀ ਦੀ ਪ੍ਰਕਿਰਿਆ ਸ਼ੁਰੂ ਕਰਕੇ ਅਮਰੀਕੀ ਸਰਕਾਰ ਚੀਨ ਦੇ ਨਾਗਰਿਕਾਂ ਦੇ ਅਧਿਕਾਰਾਂ ਤੇ ਹਿਤਾਂ ਨਾਲ ਖਿਲਵਾੜ ਕਰ ਰਹੀ ਹੈ। ਮੰਗਲਵਾਰ ਨੂੰ ਮੰਤਰਾਲੇ ਦੇ ਬੁਲਾਰੇ ਹੁਆ ਚੁਨਿਯਿੰਗ ਨੇ ਆਖਿਆ ਕਿ ਆਮ ਸਮਝ ਰੱਖਣ ਵਾਲਾ ਇਨਸਾਨ ਵੀ ਇਹ ਪਤਾ ਲਾ ਸਕਦਾ ਹੈ ਕਿ ਮੁੱਢ ਤੋਂ ਹੀ ਇਸ ਮੁੱਦੇ ਉੱਤੇ ਬੱਜਰ ਗਲਤੀ ਕੀਤੀ ਹੈ।

ਅਸੀਂ ਜੋ ਵੀ ਕੀਤਾ ਹੈ ਉਸ ਦੀ ਜ਼ਿਮੇਵਾਰੀ ਵੀ ਸਾਨੂੰ ਲੈਣੀ ਚਾਹੀਦੀ ਹੈ। ਇੱਕ ਦੇਸ਼ ਲਈ ਵੀ ਇਹੋ ਚੰਗਾ ਹੈ। ਪਰ ਜੇ ਸਾਡੀ ਥਾਂ ਕੈਨੇਡਾ ਜਾਂ ਅਮਰੀਕਾ ਹੁੰਦੇ ਤਾਂ ਉਹ ਮਾਮਲੇ ਦੀ ਨਜ਼ਾਕਤ ਨੂੰ ਸਮਝਦੇ ਤੇ ਆਪਣੀਆਂ ਗਲਤੀਆਂ ਨੂੰ ਦਰੁਸਤ ਕਰਨ ਲਈ ਠੋਸ ਮਾਪਦੰਡ ਅਪਨਾਉਂਦੇ। ਹੁਆ ਵੱਲੋਂ ਇਹ ਟਿੱਪਣੀਆਂ ਉਦੋਂ ਕੀਤੀਆਂ ਗਈਆਂ ਜਦੋਂ ਅਮਰੀਕਾ ਦੇ ਨਿਆਂ ਵਿਭਾਗ ਦੇ ਅਧਿਕਾਰੀਆਂ ਵੱਲੋਂ ਇਸ ਗੱਲ ਦੀ ਪੁਸਟੀ ਕੀਤੀ ਗਈ ਕਿ ਹੁਆਵੇਈ ਦੀ ਚੀਫ ਫਾਇਨਾਂਸੀਅਲ ਅਧਿਕਾਰੀ ਦੀ ਹਵਾਲਗੀ ਲਈ ਅਮਰੀਕਾ, ਕੈਨੇਡਾ ਨੂੰ ਬੇਨਤੀ ਕਰੇਗਾ।

ਵਿਭਾਗ ਦੇ ਬੁਲਾਰੇ ਮਾਰਕ ਰਾਇਮੋਂਡੀ ਨੇ ਆਖਿਆ ਕਿ ਅਸੀਂ ਮੈਂਗ ਵਾਨਜੋਊ ਦੀ ਹਵਾਲਗੀ ਦੀ ਪ੍ਰਕਿਰਿਆ ਜਾਰੀ ਰੱਖਾਂਗੇ ਤੇ ਅਮਰੀਕਾ ਤੇ ਕੈਨੇਡਾ ਦਰਮਿਆਨ ਹੋਈ ਹਵਾਲਗੀ ਸੰਧੀ ਦੀਆਂ ਸਾਰੀਆਂ ਡੈੱਡਲਾਈਨਜ ਪੂਰੀਆਂ ਕਰਾਂਗੇ। ਜ਼ਿਕਰਯੋਗ ਹੈ ਕਿ ਦੋ ਦੇਸ਼ਾਂ ਦੀ ਹਵਾਲਗੀ ਸੰਧੀ ਤਹਿਤ ਅਮਰੀਕਾ ਨੇ ਕੈਨੇਡਾ ਨੂੰ ਬੇਨਤੀ ਕੀਤੀ ਸੀ ਕਿ ਪਹਿਲੀ ਦਸੰਬਰ ਨੂੰ ਮੈਂਗ ਨੂੰ ਵੈਨਕੂਵਰ ਵਿੱਚ ਗ੍ਰਿਫਤਾਰ ਕੀਤਾ ਜਾਵੇ। ਮੈਂਗ ਉੱਤੇ ਅਮਰੀਕਾ ਵਿੱਚ ਕਥਿਤ ਤੌਰ ਉੱਤੇ ਬੈਂਕ ਨਾਲ ਫਰਾਡ ਕਰਨ ਤੇ ਇਰਾਨ ਉੱਤੇ ਅਮਰੀਕਾ ਵੱਲੋਂ ਲਾਈਆਂ ਪਾਬੰਦੀਆਂ ਦੀ ਉਲੰਘਣਾਂ ਕਰਨ ਦਾ ਦੋਸ਼ ਹੈ। ਪਰ ਚੀਨ ਵੱਲੋਂ ਮੈਂਗ ਨੂੰ ਰਿਹਾਅ ਕੀਤੇ ਜਾਣ ਲਈ ਦਬਾਅ ਪਾਇਆ ਜਾ ਰਿਹਾ ਹੈ।

## ਅੰਦਰ ਪੜ੍ਹੋ

ਐਨਡੀਪੀ ਐਮਪੀ ਰੌਬਿਨਸਨ 15 ਸਾਲਾਂ ਮਗਰੋਂ ਸਿਆਸਤ ਵਿੱਚ ਪਰਤੇ



ਪੰਨਾ 03

ਪਾਰਲੀਮੈਂਟ ਚੋਣਾਂ ਤੋਂ ਪਹਿਲਾਂ ਕਾਂਗਰਸ ਪਾਰਟੀ ਨੇ ਪ੍ਰਿਅੰਕਾ ਗਾਂਧੀ ਨੂੰ ਜਰਨਲ ਸੈਕਟਰੀ ਬਣਾਇਆ



ਪੰਨਾ 4

## ਗ੍ਰੀਨਬੈਲਟ ਨੂੰ ਵਿਕਾਸ ਲਈ ਖੋਲ੍ਹੇ ਜਾਣ ਦੀ ਤਜਵੀਜ਼ ਵਾਲੇ ਬਿੱਲ ਨਾਲ ਅੱਗੇ ਨਹੀਂ ਵਧੇਗਾ ਓਨਟਾਰੀਓ : ਕਲਾਰਕ



ਟੋਰਾਂਟੋ, 23 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਪ੍ਰਸਤਾਵਿਤ ਬਿੱਲ ਦੇ ਉਸ ਵਿਵਾਦਗ੍ਰਸਤ ਹਿੱਸੇ ਨਾਲ ਅੱਗੇ ਨਹੀਂ ਵਧੇਗਾ ਜਿਸ ਕਾਰਨ ਪ੍ਰੋਵਿੰਸ ਦੀ ਮਹਿਫੂਜ਼ ਗ੍ਰੀਨਬੈਲਟ ਨੂੰ ਵਿਕਾਸ ਲਈ ਖੋਲ੍ਹੇ ਜਾਣ ਦੀ ਤਜਵੀਜ਼ ਸੀ। ਮਿਉਂਸਪਲ ਮਾਮਲਿਆਂ ਬਾਰੇ ਮੰਤਰੀ ਸਟੀਵ ਕਲਾਰਕ ਦਾ ਕਹਿਣਾ ਹੈ ਕਿ ਸਰਕਾਰ ਨੇ ਮਿਉਂਸਪੈਲਿਟੀਜ਼ ਨੂੰ ਪਲੈਨਿੰਗ ਲਈ ਅਜਿਹੇ ਵਿਸੇਸ ਅਖਤਿਆਰ ਦੇਣ ਦੀ ਯੋਜਨਾ ਦਾ ਇਰਾਦਾ ਵਿਚਾਲੇ ਹੀ ਛੱਡਣ ਦਾ ਫੈਸਲਾ ਕੀਤਾ ਹੈ

## ਮੈਂਗ ਬਾਰੇ ਕੀਤੀ ਤਾਜ਼ਾ ਟਿੱਪਣੀ ਕਾਰਨ ਮੈਕੈਲਮ ਨੂੰ ਅਹੁਦੇ ਤੋਂ ਹਟਾ ਦੇਣਾ ਚਾਹੀਦਾ ਸੀ : ਸ਼ੀਅਰ



ਓਟਵਾ, 23 ਜਨਵਰੀ (ਪੋਸਟ ਬਿਊਰੋ) : ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਦਾ ਕਹਿਣਾ ਹੈ ਕਿ ਜੇ ਉਹ ਪ੍ਰਧਾਨ ਮੰਤਰੀ ਹੁੰਦੇ ਤਾਂ ਉਹ ਹੁਆਵੇਈ ਦੀ ਐਗਜ਼ੈਕਟਿਵ ਮੈਂਗ ਵਾਨਜ਼ੋਊ ਬਾਰੇ ਕੀਤੀ ਗਈ ਤਾਜ਼ਾ ਟਿੱਪਣੀ ਕਾਰਨ ਚੀਨ ਵਿੱਚ ਕੈਨੇਡਾ ਦੇ ਅੰਬੈਸਡਰ ਜੌਹਨ ਮੈਕੈਲਮ ਨੂੰ ਅਹੁਦੇ ਤੋਂ ਹਟਾ ਦਿੰਦੇ।

ਇੱਕ ਇੰਟਰਵਿਊ ਵਿੱਚ ਸ਼ੀਅਰ ਨੇ ਆਖਿਆ ਕਿ ਇਸ ਸਮੇਂ ਚੀਨ ਨਾਲ ਹਾਲਾਤ ਬਹੁਤ ਹੀ ਨਾਜ਼ੁਕ ਦੌਰ ਵਿੱਚੋਂ ਲੰਘ ਰਹੇ ਹਨ। ਇੱਕ ਦੇਸ਼ ਵਜੋਂ ਸਾਨੂੰ ਬਹੁਤ ਹੀ ਸਾਵਧਾਨੀ ਵਰਤਣ ਦੀ ਲੋੜ ਹੈ ਤੇ ਸਾਡੀ ਸਰਕਾਰ ਨੂੰ ਵੀ ਇਸ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਮਾਰਖਮ, ਓਨਟਾਰੀਓ ਵਿੱਚ ਚੀਨੀ ਮੀਡੀਆ ਨੂੰ ਮੈਕੈਲਮ ਵੱਲੋਂ ਇਹ ਦੱਸਿਆ ਗਿਆ ਕਿ ਅਮਰੀਕਾ ਨੂੰ ਹੋਣ ਵਾਲੀ ਹਵਾਲਗੀ ਤੋਂ ਬਚਣ ਲਈ ਮੈਂਗ ਨੇ ਚੰਗੀ ਬਹਿਸ ਕੀਤੀ। ਇਸ ਮਗਰੋਂ ਮੈਕੈਲਮ ਦੀ ਕਾਫੀ ਨੁਕਤਾਚੀਨੀ ਕੀਤੀ ਗਈ। ਇਸ ਤੋਂ ਇਲਾਵਾ ਮੈਕੈਲਮ ਨੇ ਉਚੇਚੇ ਤੌਰ ਉੱਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਉਸ ਵਿਵਾਦਗ੍ਰਸਤ ਸੁਝਾਅ ਦਾ ਵੀ ਜ਼ਿਕਰ ਕੀਤਾ ...ਬਾਕੀ ਪੰਨਾ 6 'ਤੇ

## 2019 ਦੀਆਂ ਚੋਣਾਂ ਵਿੱਚ ਖੜ੍ਹੇ ਨਹੀਂ ਹੋਣਾ ਚਾਹੁੰਦੇ ਕਈ ਐਨਡੀਪੀ ਐਮਪੀਜ਼ : ਮਲਕੇਅਰ



ਓਟਵਾ, 23 ਜਨਵਰੀ (ਪੋਸਟ ਬਿਊਰੋ) : ਐਨਡੀਪੀ ਦੇ ਸਾਬਕਾ ਆਗੂ ਟੌਮ ਮਲਕੇਅਰ ਅਨੁਸਾਰ ਕਈ ਮੌਜੂਦਾ ਐਨਡੀਪੀ ਐਮਪੀਜ਼ 2019 ਵਿੱਚ ਚੋਣਾਂ ਵਿੱਚ ਖੜ੍ਹੇ ਨਹੀਂ ਹੋਣਾ ਚਾਹੁੰਦੇ। ਇਨ੍ਹਾਂ ਦੀ ਗਿਣਤੀ ਉਨ੍ਹਾਂ ਨਾਲੋਂ ਵੱਖ ਹੈ ਜਿਹੜੇ ਪਹਿਲਾਂ ਹੀ ਇਹ ਐਲਾਨ ਕਰ ਚੁੱਕੇ ਹਨ ਕਿ ਉਹ ਚੋਣਾਂ ਵਿੱਚ ਦੁਬਾਰਾ ਹਿੱਸਾ ਨਹੀਂ ਲੈਣਗੇ।

ਮਲਕੇਅਰ ਨੇ ਇੱਕ ਇੰਟਰਵਿਊ ਵਿੱਚ ਆਖਿਆ ਕਿ ਉਨ੍ਹਾਂ ਦੇ ਕਿਊਬਿਕ ਤੋਂ ਕਈ ਕੁਲੀਗਜ਼ ਇਹ ਐਲਾਨ ਕਰ ਚੁੱਕੇ ਹਨ ਕਿ ਉਹ ਚੋਣਾਂ ਵਿੱਚ ਖੜ੍ਹੇ ਨਹੀਂ ਹੋਣਗੇ ਤੇ ਕਈ ਹੋਰਨਾਂ ਨੇ ਉਨ੍ਹਾਂ ਨੂੰ ਇਹ ਆਪ ਦੱਸਿਆ ਹੈ ਕਿ ਉਹ ਚੋਣਾਂ ਵਿੱਚ ਹਿੱਸਾ ਨਹੀਂ ਲੈਣ ਜਾ ਰਹੇ। ਉਨ੍ਹਾਂ ਆਖਿਆ ਕਿ ਇਹ ਸਮੱਸਿਆ ਬਿਲਕੁਲ ਸਪਸ਼ਟ ਹੈ। ਸਾਡਾ 44 ਮੈਂਬਰਾਂ ਦਾ ਮਜ਼ਬੂਤ ਕਾਕਸ ਹੈ ਤੇ ਅਸੀਂ ਐਟਲਾਂਟਿਕ ਨੂੰ ਛੱਡ ਕੇ ਦੇਸ਼ ਦੇ ਸਾਰੇ ਹਿੱਸਿਆਂ ਦੀ ਨੁਮਾਇੰਦਗੀ ਕਰਦੇ ਹਾਂ। ਜ਼ਿਕਰਯੋਗ ਹੈ ਕਿ ਪਿਛਲੀਆਂ ਚੋਣਾਂ ਵਿੱਚ ਲਿਬਰਲਾਂ ਨੇ ਐਟਲਾਂਟਿਕ ਵਿੱਚ ਹੂੰਝਾ ਫੇਰੂ ਜਿੱਤ ਹਾਸਲ ਕੀਤੀ ਸੀ।

...ਬਾਕੀ ਪੰਨਾ 6 'ਤੇ

BEST INSURANCE RATES
Paying too much for Auto & Home Insurance? Call today for Best & Low Rates!
Auto Home Business
ਕਾਰ ਅਤੇ ਘਰ ਦੀ ਘੱਟ ਰੇਟਾਂ ਵਾਲੀ ਇੰਸ਼ੋਰੈਂਸ ਲਈ ਕਾਲ ਕਰੋ: 647.400.2949
upto 35% Discount on Auto & Home Insurance
1550 South Gateway Rd, Suite 220 Mississauga, ON L4W 5G6
Amanpreet S. Batth R.I.B.O

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

INSURANCE
Home Auto
Business Trucking
R.E.S.P Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨੀਂਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਉ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ!
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

HSBA TAX SERVICES
ਟੈਕਸ ਕਿਵੇਂ ਤੇ ਕਿਥੇ ਬਚਾਉਣਾ ਹੈ?
*Corporation's Registration – Federal $240, Ontario $380*
Initial Business Setup and Consultation
Personal & Corporation
Accounting & Bookkeeping Services
Tax Planning
HST, WSIB & Payroll Taxes
CRA Appeals, Audits & Notice of Objection
Cash Flow, Forecasts & Project Reports
Registered Education Saving Plans (RESPs)
Prabhjot Kaur Sr. Accountant, M.B.A
Email:info@hsbatax.com
Tel: 647-720-5278 20%Discount For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

ਕੀ ਤੁਸੀ ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator
647.990.3205

HELPING YOUR PLAN TODAY......FOR TOMORROW
Supervisa / Visitor Insurance
Life / Mortgage/Funeral Insurance
Disability Insurance
Critical Illness Insurance
RESP / RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma
Open Saturday
Providing excellent quality legal services to our clients

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax: 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control:
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call: PARESH PATEL (Government Approved Licensed Technician)
416 938 4598

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਮਿਲੋ
1200 Derry Road E, #15, Mississauga, ON L5T 0B3
Shinder Kelley
905-362-0755

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
Protect yourself & your family from the Pests
Ants, Bees, Bed Bugs, Beetles, Racoons,Cockroaches, Centipedes, Flea, Hornets,Squirrel, Rats & Mice, Silverfish, Spiders
100% removal of all pests written Guarantee
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

# AZ DRIVERS JOB FAIR

## SEEKING DRIVERS FOR RUNS TO U.S

Hourly Pay 100%; We are currently hiring AZ drivers for runs to US; Our drivers are the heart of our company; Come in to check out our facility, see our trucks and meet Our Team!

{ AZ ਡਰਾਈਵਰਾਂ ਦੀ ਲੋੜ ਹੈ, ਤਨਖਾਹ ਹਰ ਹਫ਼ਤੇ, ਨਵੇਂ ਬਰੈਂਡ ਨਿਊ ਟਰੱਕ, ਸ਼ਨਿੱਚਰਵਾਰ ਤੇ ਐਂਤਵਾਰ ਨੂੰ ਘਰੇ। }

**Location:** Comfort Inn, 1500 Matheson Blvd, Mississauga
**Date:** Thursday, February 7th from 11 am to 7 pm

- Hourly Rates
- Direct deposit weekly
- New Automatic trucks 2017-2018
- Long term employment
- Regular customers & Regular routes.
- Home every week
- Open door policy
- Dedicated manager to help fix any issues

Bring your resume, abstract and CVOR. Cant make it to job fair?
Give us a call today at 416.742.2345 ext.4496 or email us at amanda.mangal@xtl.com

XTL TRANSPORT LOGISTICS DISTRIBUTION

XTL is an equal opportunity employer that embraces diversity in the workplace and equivalently considers applications from qualified women, men, visible minorities, aboriginal people and persons with disabilities. At XTL you will find the place that suits you!



NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, ETIHAD, KLM, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife

Signature.ca



tico.ca IATA

Call Us For Guaranteed Lowest Airfare
ANY Airline Time Destination Around the World

transat, sunwing, AIR CANADA VACATIONS, WESTJET vacations

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com





PUNJAB SINDH FINANCE
TRUCK/TRAILER LOAN & REFINANCE

PUNJAB SINDH FINANCE — EVERY $ MAKES A DIFFERENCE

ਨਵੇਂ ਪੁਰਾਣੇ ਟ੍ਰਕਾਂ/ਟ੍ਰੈਲਰਾਂ ਦੀ ਕੁਝ ਹੀ ਘੰਟਿਆਂ ਵਿੱਚ Financing/Refinancing ਦਾ ਪੂਰਾ ਪ੍ਰਬੰਧ

- Quick Loan Approval Guranteed
- Bad credit........ No Problem
- Low Down Payment
- Lowest Rate of Interest
- Paper Work...... Minimum
- Best Flexible Terms & Conditions

Gary Chatha
President
647.227.3385
info@punjabsindhfinance.com
905.440.0000

6665 Tomken Rd #202, Mississauga, ON L5T 2C5 (Tomken/Midway)



chatr MOBILE

NATION-WIDE
TALK, TEXT & DATA PLANS
FROM
$35/MO.

NEW

NO OVERAGE CHARGES, NO TERM CONTRACTS, NO CREDIT CHECKS

LET'S GET GOING
CHATRMOBILE.COM

VISIT OUR LOCATIONS TODAY!

379 Main St. North, Brampton, ON
2456 Lake Shore Blvd W., Etobicoke, ON

chatr AUTHORIZED DEALER

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2018

## ਅੱਜ ਨਾਮਾ

ਪਹੁੰਚੇ ਕੁੰਭ ਇਸ਼ਨਾਨ ਲਈ ਲੋਕ ਵਾਹਵਾ,
ਗਿਣਤੀ-ਮਿਣਤੀਆਂ ਵੀ ਗਏ ਛੱਡ ਬੇਲੀ।
ਆਮ ਲੋਕਾਂ ਲਈ ਰਹਿਣ ਦੀ ਥਾਂ ਵੀ ਨਹੀਂ,
ਸਾਧੂਆਂ ਰੱਖੇ ਕਈ ਤੰਬੂ ਜਿਹੇ ਗੱਡ ਬੇਲੀ।
ਧਰਮ-ਖੇਤਰ ਵੱਲ ਵਿਤਕਰੇ ਨਜ਼ਰ ਆਏ,
ਬਾਣੇ, ਭਜਨ ਸਭ ਕੁਝ ਅੱਡੋ-ਅੱਡ ਬੇਲੀ।
ਕਈਆਂ ਸਾਧਾਂ ਦੇ ਨਾਲ ਸਰਕਾਰ ਫਿਰਦੀ,
ਸ਼ਰਧਾਲੂ ਵੇਖਣ ਪਏ ਅੱਖੀਆਂ ਟੱਡ ਬੇਲੀ।
ਕਦੀ ਸਰਕਾਰ 'ਤੇ ਸਾਧ ਵੀ ਚੜ੍ਹੇ ਦਿੱਸਣ,
ਕਦੀ ਸਿਆਸਤ ਵੀ ਹੋਈ ਸਵਾਰ ਲੱਗਦੀ।
ਸਾਹਮਣੇ ਵੇਖ ਕੇ ਚੋਣ ਨੂੰ ਚੜ੍ਹੀ ਆਉਂਦੀ,
ਚਰਨੀ ਸਾਧਾਂ ਦੇ ਡਿੱਗੀ ਸਰਕਾਰ ਲੱਗਦੀ।

ਤੀਸ ਮਾਰ ਖਾਂ

## ਐਨਡੀਪੀ ਐਮਪੀ ਰੌਬਿਨਸਨ 15 ਸਾਲਾਂ ਮਗਰੋਂ ਸਿਆਸਤ ਵਿੱਚ ਪਰਤੇ

ਬਰਨਾਬੀ ਨੌਰਥ, 23 ਜਨਵਰੀ (ਪੋਸਟ ਬਿਊਰੋ) : ਐਨਡੀਪੀ ਦੇ ਸਾਬਕਾ ਐਮਪੀ ਸਵੇਂਡ ਰੌਬਿਨਸਨ 15 ਸਾਲ ਬਾਅਦ ਆਖਿਰਕਾਰ ਸਿਆਸਤ ਵਿੱਚ ਪਰਤ ਆਏ ਹਨ। ਇਸ ਵਾਰੀ ਉਹ ਤੇਲ ਤੇ ਗੈਸ ਦੇ ਵਿਸ਼ੇ ਨੂੰ ਆਪਣੇ ਲਈ ਮੁੱਖ ਮੁੱਦਾ ਬਣਾਉਣਗੇ।

66 ਸਾਲਾ ਰੌਬਿਨਸਨ ਬਰਨਾਬੀ ਨੌਰਥ-ਸੇਅਮਰ ਤੋਂ ਐਨਡੀਪੀ ਦੇ ਉਮੀਦਵਾਰ ਨਾਮਜਦ ਹੋਏ ਹਨ। ਇਹ ਵੈਨਕੂਵਰ ਇਲਾਕੇ ਦਾ ਉਹ ਹਲਕਾ ਹੈ ਜਿੱਥੇ ਟਰਾਂਸ ਮਾਊਨਟੇਨ ਪਾਈਪਲਾਈਨ ਦੇ ਉਤਪਾਦਾਂ ਨੂੰ ਸਮੁੰਦਰੀ ਬੇੜਿਆਂ ਵਿੱਚ ਲੱਦਿਆ ਜਾਂਦਾ ਹੈ। ਫੈਡਰਲ ਸਰਕਾਰ ਨੇ ਪਿਛਲੇ ਸਾਲ ਟਰਾਂਸ ਮਾਊਨਟੇਟ ਪਾਈਪਲਾਈਨ ਦਾ ਇਸ ਲਈ ਰਾਸਟਰੀਕਰਨ ਕੀਤਾ ਸੀ ਤਾਂ ਕਿ ਦਿੱਕਤਾਂ ਨਾਲ ਘਿਰੇ ਇਸ ਪ੍ਰੌਜੈਕਟ ਦਾ ਪਸਾਰ ਹੋ ਸਕੇ ਤੇ ਇਹ ਅੱਗੇ ਵੱਧ ਸਕੇ।

ਰੌਬਿਨਸਨ ਨੇ 1979 ਤੋਂ 2004 ਤੱਕ ਐਮਪੀ ਵਜੋਂ ਸੇਵਾ ਨਿਭਾਈ। ਉਨ੍ਹਾਂ ਮੰਗਲਵਾਰ ਨੂੰ ਇੱਕ ਇੰਟਰਵਿਊ ਵਿੱਚ ਆਖਿਆ ਕਿ ਸਾਨੂੰ ਇਸ ਗੱਲ ਦੀ ਪਛਾਣ ਕਰਨੀ ਹੋਵੇਗੀ ਕਿ ਫੌਸਿਲ ਫਿਊਲ ਤੇ ਹੋਰ ਨਵੀਂਆਂ



ਪਾਈਪਲਾਈਨਾਂ ਤੇ ਕਿਸੇ ਵੀ ਤਰ੍ਹਾਂ ਦਾ ਤੇਲ ਤੇ ਗੈਸ ਨਾਲ ਸਬੰਧਤ ਬੁਨਿਆਦੀ ਢਾਂਚਾ ਸਾਨੂੰ ਲਿਆਉਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ। ਇਹ ਸਾਰੀਆ ਚੀਜ਼ਾਂ ਸਾਨੂੰ ਵਾਤਾਵਰਣ ਦੀ ਤਬਾਹੀ ਵੱਲ ਲਿਜਾਂਦੀਆਂ ਹਨ।

ਉਨ੍ਹਾਂ ਆਖਿਆ ਕਿ ਸਾਨੂੰ ਬਹੁਤਾ ਤੇਲ ਤੇ ਗੈਸ ਜ਼ਮੀਨ ਦੇ ਅੰਦਰ ਹੀ ਛੱਡਣਾ ਚਾਹੀਦਾ ਹੈ ਤੇ ਸਾਨੂੰ ਮੁੜ ਨੰਵਿਆਈ ਜਾ ਸਕਣ ਵਾਲੀ ਊਰਜਾ ਵੱਲ ਆਪਣਾ ਧਿਆਨ ਲਾਉਣਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਐਨਡੀਪੀ ਆਗੂ ਜਗਮੀਤ ਸਿੰਘ ਵੀ ਟਰਾਂਸ ਮਾਊਨਟੇਨ ਦੇ ਪਸਾਰ ਸਬੰਧੀ ਪ੍ਰੌਜੈਕਟ ਦੇ ਖਿਲਾਫ ਹਨ।

## ਸੀਨੀਅਰ ਪੁਲਸ ਅਧਿਕਾਰੀ ਦੇ ਭਰਾ ਸਮੇਤ ਤਿੰਨ ਅੱਤਵਾਦੀ ਮਾਰੇ

ਸ੍ਰੀਨਗਰ, 23 ਜਨਵਰੀ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਸ਼ੋਪੀਆਂ ਜ਼ਿਲ੍ਹੇ ਵਿੱਚ ਕੱਲ੍ਹ ਸੁਰੱਖਿਆ ਫੋਰਸ ਦੇ ਘੇਰੇ ਤੇ ਤਲਾਸ਼ੀ ਮੁਹਿੰਮ ਦੌਰਾਨ ਅੱਤਵਾਦੀਆਂ ਨਾਲ ਇੱਕ ਮੁਕਾਬਲੇ ਵਿੱਚ ਭਾਰਤੀ ਪੁਲਸ ਸੇਵਾ (ਆਈ ਪੀ ਐੱਸ) ਦੇ ਇੱਕ ਵੱਡੇ ਅਧਿਕਾਰੀ ਇਨਾ-ਮੁਲ ਹੱਕ ਦੇ ਭਰਾ ਸਮੇਤ ਤਿੰਨ ਅੱਤਵਾਦੀ ਮਾਰੇ ਗਏ।

ਫੌਜ ਦੇ ਬੁਲਾਰੇ ਨੇ ਦੱਸਿਆ ਕਿ ਅੱਤਵਾਦੀਆਂ ਦੇ ਲੁਕੇ ਹੋਣ ਦੀ ਖੁਫੀਆ ਸੂਹ ਮਿਲਣ ਉੱਤੇ ਜਵਾਨਾਂ ਨੇ ਸ਼ੋਪੀਆਂ ਜ਼ਿਲ੍ਹੇ ਦੇ ਹੱਫਸ਼ੇਰਮੱਲ ਇਲਾਕੇ ਦੀ ਘੇਰਾਬੰਦੀ ਕਰ ਕੇ ਤਲਾਸ਼ੀ ਸ਼ੁਰੂ ਕੀਤੀ। ਜਦੋਂ ਇਹ ਜਵਾਨ ਇੱਕ ਵਿਸ਼ੇਸ਼ ਖੇਤਰ ਵੱਲ ਵਧ ਰਹੇ ਸਨ ਤਾਂ ਉਥੇ ਲੁਕੇ ਹੋਏ ਅੱਤਵਾਦੀਆਂ ਨੇ ਉਨ੍ਹਾਂ 'ਤੇ ਫਾਇਰਿੰਗ ਸ਼ੁਰੂ ਕਰ ਦਿੱਤੀ। ਜਵਾਬੀ ਕਾਰਵਾਈ ਵਿੱਚ ਤਿੰਨ ਅੱਤਵਾਦੀ ਮਾਰੇ ਗਏ। ਮ੍ਰਿਤਕਾਂ ਵਿੱਚੋਂ ਇੱਕ ਦੀ ਪਛਾਣ ਸ਼ਮਸ਼ੁਲ ਹੱਕ ਵਜੋਂ ਹੋਈ, ਜਿਹੜਾ ਉੱਤਰ ਪੂਰਬੀ ਭਾਰਤ ਵਿੱਚ ਸੇਵਾ ਕਰ ਰਹੇ ਸਾਲ 2012 ਬੈਚ ਦੇ ਆਈ ਪੀ ਐੱਸ ਅਧਿਕਾਰੀ ਇਨਾਮੁੱਲ ਹੱਕ ਦਾ ਭਰਾ ਹੈ। ਉਹ ਜਾਕੂਰਾ ਦੇ ਸਰਕਾਰੀ ਕਾਲਜ ਵਿੱਚੋਂ ਬੀ ਯੂ ਐੱਮ ਐੱਸ ਕਰ ਰਿਹਾ ਸੀ ਅਤੇ ਪਿਛਲੇ ਸਾਲ ਮਈ ਤੋਂ ਲਾਪਤਾ ਸੀ। ਅਧਿਕਾਰੀਆਂ ਨੇ ਦੱਸਿਆ ਕਿ ਇਹ ਮੁਕਾਬਲਾ ਰਾਤ ਦੇਰ ਤੱਕ ਜਾਰੀ ਰਿਹਾ ਸੀ। ਉਥੇ ਕੁਝ ਹੋਰ ਅੱਤਵਾਦੀਆਂ ਦੇ ਲੁਕੇ ਹੋਣ ਦੀ ਖਬਰ ਸੀ।

ਇਸ ਤਲਾਸ਼ੀ ਮੁਹਿੰਮ ਵਿੱਚ ਰੁਕਾਵਟ ਪਾਉਣ ਵਾਲੇ ਵਿਖਾਵਾਕਾਰੀਆਂ ਨੂੰ ਖਦੇੜਨ ਲਈ ਪੁਲਸ ਨੇ ਅੱਥਰੂ ਗੈਸ ਦੇ ਗੋਲੇ ਛੱਡੇ ਅਤੇ ਪੈਲੇਟ ਗੰਨ ਦੀ ਵਰਤੋਂ ਕੀਤੀ। ਸੁਰੱਖਿਆ ਫੋਰਸਾਂ ਦੇ ਜਵਾਨਾਂ ਅਤੇ ਵਿਖਾਵਾਕਾਰੀਆਂ ਵਿਚਾਲੇ ਝੜਪਾਂ 'ਚ ਚਾਰ ਮੀਡੀਆ ਮੁਲਾਜ਼ਮਾਂ ਸਮੇਤ ਕਈ ਵਿਅਕਤੀ ਜ਼ਖਮੀ ਹੋ ਗਏ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by Upto 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
416.677.0047
Jaspal Singh Gahunia #M08006400

## ਸਬਰੀਮਾਲਾ ਮੰਦਰ ਜਾਣ ਵਾਲੀ ਔਰਤ ਲਈ ਘਰ ਦੇ ਬੂਹੇ ਬੰਦ

ਕੋਜ਼ੀਕੋਡ, 23 ਜਨਵਰੀ (ਪੋਸਟ ਬਿਊਰੋ)- ਅੱਜ ਤੱਕ ਚੱਲਦੀ ਆਈ ਰਵਾਇਤ ਤੋੜ ਕੇ ਸਬਰੀਮਾਲਾ ਮੰਦਰ ਦੇ ਅੰਦਰ ਜਾ ਕੇ ਭਗਵਾਨ ਅਯੱਪਾ ਦਾ ਦਰਸ਼ਨ ਕਰਨ ਵਾਲੀ ਕਨਕਦੁਰਗਾ ਦੀਆਂ ਮੁਸੀਬਤਾਂ ਹੋਰ ਵਧ ਗਈਆਂ ਹਨ। ਪਹਿਲਾਂ ਉਸ ਦੀ ਸੱਸ ਨੇ ਮਾਰਕੁੱਟ ਕੀਤੀ ਤੇ ਉਸ ਨੂੰ ਹਸਪਤਾਲ ਵਿਚ ਭਰਤੀ ਹੋਣਾ ਪਿਆ ਸੀ। ਓਥੋਂ ਛੁੱਟੀ ਮਿਲੀ ਤਾਂ ਉਸ ਲਈ ਘਰ ਦੇ ਬੂਹੇ ਬੰਦ ਹੋ ਗਏ। ਉਸ ਨੂੰ ਜੰਗਲਾਤ ਦੇ ਸਟਾਫ ਸੈਂਟਰ ਵਿਚ ਸ਼ਰਣ ਲੈਣੀ ਪਈ ਹੈ।

ਇਸ ਸੰਬੰਧ ਵਿੱਚ ਇੱਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਕਨਕਦੁਰਗਾ ਦੇ ਪਰਿਵਾਰ ਦੇ ਲੋਕ ਘਰ ਬੰਦ ਕਰ ਕੇ ਦੂਸਰੇ ਘਰ ਰਹਿਣ ਚਲੇ ਗਏ ਹਨ। ਕਨਕਦੁਰਗਾ ਨੇ ਇਸ ਬਾਰੇ ਅਦਾਲਤ ਵਿਚ ਘਰੇਲੂ ਹਿੰਸਾ ਕਾਨੂੰਨ ਦੀ ਅਰਜ਼ੀ ਦੇ ਕੇ ਕਿਹਾ ਹੈ ਕਿ ਉਸ ਨੂੰ ਆਪਣੇ ਪਤੀ ਦੇ ਘਰ ਰਹਿਣ ਦਾ ਅਧਿਕਾਰ ਹੈ। ਪੁਲਿਸ ਦੇ ਮੁਤਾਬਕ 44 ਸਾਲਾ



ਕਨਕਦੁਰਗਾ ਵੱਲੋਂ ਸਬਰੀਮਾਲਾ ਮੰਦਰ ਵਿਚ ਦਾਖਲ ਹੋਣ ਉੱਤੇ ਉਸ ਦੀ ਸੱਸ ਨੇ ਮਾਰਕੁੱਟ ਕੀਤੀ ਤਾਂ ਕਨਕਦੁਰਗਾ ਨੂੰ ਕੋਜ਼ੀਕੋਡ ਮੈਡੀਕਲ ਕਾਲਜ ਹਸਪਤਾਲ ਵਿਚ ਦਾਖਲ ਕਰਾਇਆ ਗਿਆ ਸੀ। ਸਿਵਲ ਸਪਲਾਈ ਵਿਭਾਗ ਦੀ ਮੁਲਾਜ਼ਮ ਕਨਕਦੁਰਗਾ ਉਸ ਵੇਲੇ ਸੁਰਖੀਆਂ ਵਿਚ ਆਈ ਸੀ, ਜਦੋਂ ਉਸ ਨੇ ਕਾਲਜ ਵਿਚ ਪ੍ਰੋਫੈਸਰ ਅਤੇ ਸੀ ਪੀ ਆਈ ਐੱਮ ਐਲ ਦੀ ਮੈਂਬਰ ਬਿੰਦੂ ਨਾਲ 2 ਜਨਵਰੀ ਨੂੰ ਅਯੱਪਾ ਮੰਦਰ ਵਿੱਚ ਜਾ ਕੇ ਪੂਜਾ ਕੀਤੀ ਸੀ, ਜਿੱਥੇ 10-50 ਸਾਲ ਤਕ ਦੀਆਂ ਔਰਤਾਂ ਦੇ ਦਾਖਲੇ ਵਾਸਤੇ ਪਾਬੰਦੀ ਲੱਗੀ ਹੋਈ ਹੈ। ਪਿਛਲੇ ਸਾਲ ਸੁਪਰੀਮ ਕੋਰਟ ਨੇ ਇੱਕ ਇਤਿਹਾਸਕ ਹੁਕਮ ਵਿਚ ਮੰਦਰ ਵਿਚ ਹਰ ਉਮਰ ਵਰਗ ਦੀਆਂ ਔਰਤਾਂ ਦੇ ਦਾਖਲੇ ਦੇ ਪੱਖ ਵਿਚ ਫ਼ੈਸਲਾ ਦਿੱਤਾ ਸੀ। ਇਸ ਪਿੱਛੋਂ ਇਹ ਦੋਵੇਂ ਔਰਤਾਂ ਅਯੱਪਾ ਮੰਦਰ ਦਰਸ਼ਨ ਕਰਨ ਦੀ ਪਾਬੰਦੀ ਤੋੜਨ ਵਾਲੀਆਂ ਪਹਿਲੀਆਂ ਸਨ। ਸਥਾਨਕ ਪੁਲਿਸ ਅਫਸਰ ਟੀ ਐੱਸ ਬਿਨੂ ਨੇ ਦੱਸਿਆ ਕਿ ਸੁਪਰੀਮ ਕੋਰਟ ਦੇ ਹੁਕਮ ਮੁਤਾ-ਬਕ ਕਨਕਦੁਰਗਾ ਨੂੰ ਹਰ ਸਮੇਂ ਸੁਰੱਖਿਆ ਦਿੱਤੀ ਜਾ ਰਹੀ ਹੈ ਤੇ ਇਸ ਲਈ 10 ਪੁਲਿਸ ਵਾਲੇ ਲਾਏ ਗਏ ਹਨ ਅਤੇ ਸ਼ੈਲਟਰ ਹੋਮ ਵਿਚ ਸੀ ਸੀ ਟੀ ਵੀ ਕੈਮਰੇ ਲਾਏ ਗਏ ਹਨ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

## ਆਮਦਨ ਤੋਂ ਵੱਧ ਜਾਇਦਾਦ ਦੇ ਕੇਸ ਵਿੱਚ ਵੀਰਭੱਦਰ ਸਿੰਘ ਵੱਲੋਂ ਅਰਜ਼ੀ ਦਾਖ਼ਲ

ਨਵੀਂ ਦਿੱਲੀ, 23 ਜਨਵਰੀ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਵੀਰਭੱਦਰ ਸਿੰਘ ਤੇ ਉਨ੍ਹਾਂ ਦੀ ਪਤਨੀ ਨੇ ਹੇਠਲੀ ਅਦਾਲਤ ਦੇ ਫ਼ੈਸਲੇ ਵਿਰੁੱਧ ਹਾਈ ਕੋਰਟ ਵਿਚ ਅਰਜ਼ੀ ਪੇਸ਼ ਕਰ ਦਿੱਤੀ ਹੈ।

ਵਰਨਣ ਯੋਗ ਹੈ ਕਿ ਆਮਦਨ ਤੋਂ ਵੱਧ ਜਾਇਦਾਦ ਦੇ ਕੇਸ ਵਿਚ ਪਟਿਆਲਾ ਹਾਊਸ ਵਿਸ਼ੇਸ਼ ਅਦਾਲਤ ਨੇ ਪਿਛਲੇ ਸਾਲ 10 ਦਸੰਬਰ ਨੂੰ ਵੀਰਭੱਦਰ ਸਿੰਘ, ਉਨ੍ਹਾਂ ਦੀ ਪਤਨੀ ਪ੍ਰਤਿਭਾ ਸਿੰਘ ਤੇ ਹੋਰਨਾਂ ਉੱਤੇ ਅਪਰਾਧਕ ਦੋਸ਼ ਅਤੇ ਆਮਦਨ ਦੇ ਸਰੋਤਾਂ ਤੋਂ ਵੱਧ 10 ਕਰੋੜ ਰੁਪਏ ਤੋਂ ਵੱਧ ਜਾਇਦਾਦ ਜਮ੍ਹਾਂ ਕਰਨ ਦੀ ਚਾਰਜਸ਼ੀਟ ਪੇਸ਼ ਕਰਨ ਦੇ ਹੁਕਮ ਦਿੱਤੇ ਸਨ। ਇਸ ਵਿਚ ਜੀਵਨ ਬੀਮਾ ਏਜੰਟ ਆਨੰਦ ਚੌਹਾਨ, ਚੁੰਨੀ ਲਾਲ ਚੌਹਾਨ, ਜੋਗਿੰਦਰ ਸਿੰਘ ਘਾਲਤਾ, ਪ੍ਰੇਮ ਰਾਜ, ਵੀ ਚੰਦਰ ਸ਼ੇਖਰ, ਐੱਲ ਕੁਮਾਰ ਰੋਚ ਅਤੇ ਰਾਮ ਪ੍ਰਕਾਸ਼ ਭਾਟੀਆ ਵੀ ਦੋਸ਼ੀ ਹਨ। ਕੇਂਦਰੀ ਜਾਂਚ ਏਜੰਸੀ (ਸੀ ਬੀ ਆਈ) ਵੱਲੋਂ ਪੇਸ਼ ਕੀਤੀ ਚਾਰਜਸ਼ੀਟ ਮੁਤਾਬਕ ਕੇਂਦਰੀ ਮੰਤਰੀ ਹੁੰਦੇ ਹੋਏ ਵੀਰਭੱਦਰ ਸਿੰਘ ਨੇ ਗ਼ੈਰ ਕਾਨੂੰਨੀ ਢੰਗ ਨਾਲ 10 ਕਰੋੜ ਰੁਪਏ ਦੀ ਜਾਇਦਾਦ ਬਣਾਈ ਸੀ, ਜਿਹੜੀ ਉਨ੍ਹਾਂ ਦੀ ਆਮਦਨ ਤੋਂ ਵੱਧ ਹੈ। ਸੁਪਰੀਮ ਕੋਰਟ ਨੇ 6 ਅਪ੍ਰੈਲ 2016 ਨੂੰ ਇਹ ਕੇਸ ਹਾਈ ਕੋਰਟ ਨੂੰ ਟਰਾਂਸਫਰ ਕਰ ਦਿੱਤਾ ਅਤੇ ਸੀ ਬੀ ਆਈ ਨੂੰ ਵੀਰਭੱਦਰ ਸਿੰਘ ਅਤੇ ਉਨ੍ਹਾਂ ਦੀ ਪਤਨੀ ਨੂੰ ਗ੍ਰਿਫ਼ਤਾਰ ਨਾ ਕਰਨ ਦਾ ਆਦੇਸ਼ ਦਿੱਤਾ ਸੀ। ਇਸ ਦੇ ਬਾਅਦ ਸੀ ਬੀ ਆਈ ਵੱਲੋਂ ਦਰਜ ਕੀਤੇ ਗਏ ਇਸ ਕੇਸ ਦਾ ਨੋਟਿਸ ਲੈਂਦੇ ਹੋਏ ਇਨਫੋਰਸਮੈਂਟ ਡਾਇਰਕਟੋ-ਰੇਟ (ਈ ਡੀ) ਨੇ ਵੀ ਮਨੀ ਲਾਂਡਰਿੰਗ ਦਾ ਕੇਸ ਦਰਜ ਕੀਤਾ ਸੀ।

UK TRUCK TRAINING CENTRE
ukttc
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜ਼ਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

SherGill Law Firm
Barrister, Solicitor & Notary Public
Services:
• Real Estate
• Family Law
• Residential, Commercial, Franchise
• Affidavit, Power Of Attorney & Notarization
• Criminal Law
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

ਬਿਜਲੀ ਦਾ ਕੋਈ ਵੀ ਛੋਟਾ/ਵਡਾ ਕੰਮ ਹੋਵੇ
• Residential/Commercial/Industrial
• Basement Electrical Wiring
• Service Panel Upgrading
• Fire Alarm
• Driveway Lights
For All Kinds of Electrical Work
Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

# ਪਾਰਲੀਮੈਂਟ ਚੋਣਾਂ ਤੋਂ ਪਹਿਲਾਂ ਕਾਂਗਰਸ ਪਾਰਟੀ ਨੇ ਪ੍ਰਿਅੰਕਾ ਗਾਂਧੀ ਨੂੰ ਜਰਨਲ ਸੈਕਟਰੀ ਬਣਾਇਆ

## * ਭਾਰਤ ਦੀ ਰਾਜਨੀਤੀ ਵਿੱਚ ਹਲਚਲ ਤੇਜ਼



ਨਵੀਂ ਦਿੱਲੀ, 23 ਜਨਵਰੀ, (ਪੋਸਟ ਬਿਊਰੋ)- ਪਿਛਲੇ ਲੰਮੇ ਸਮੇਂ ਤੋਂ ਲੱਗਦੇ ਕਿਆਫਿਆਂ ਦੇ ਬਾਅਦ ਕਾਂਗਰਸ ਪਾਰਟੀ ਨੇ ਅੱਜ ਪ੍ਰਿਅੰਕਾ ਗਾਂਧੀ ਬਾਕਾਇਦਾ ਤੌਰ ਉੱਤੇ ਰਾਜਨੀਤੀ ਦੇ ਮੈਦਨ ਵਿੱਚ ਪੇਸ਼ ਕਰ ਦਿੱਤਾ ਹੈ। ਅਗਲੇ ਮਹੀਨਿਆਂ ਵਿੱਚ ਆ ਰਹੀਆਂ ਲੋਕ ਸਭਾ ਚੋਣਾਂ ਨੂੰ ਵੇਖਦੇ ਹੋਏ ਕਾਂਗਰਸ ਪਾਰਟੀ ਨੇ ਵੱਡੇ ਫੈਸਲੇ ਲਏ ਹਨ ਤਾਂ ਇਸ ਮੌਕੇ ਪ੍ਰਿਅੰਕਾ ਗਾਂਧੀ ਨੂੰ ਜਰਨਲ ਸੈਕਟਰੀ ਬਣਾ ਕੇ ਪੂਰਵਾਂਚਲ (ਉੱਤਰ ਪ੍ਰਦੇਸ਼ ਦਾ ਪੂਰਬੀ ਪਾਸਾ) ਦਾ ਚਾਰਜ ਉਸ ਨੂੰ ਸੌਂਪ ਦਿੱਤਾ ਹੈ। ਫਰਵਰੀ ਦੇ ਪਹਿਲੇ ਹਫਤੇ ਤੋਂ ਪ੍ਰਿਅੰਕਾ ਅਪਣੀ ਇਹ ਜ਼ਿਮੇਵਾਰੀ ਸੰਭਾਲੇਗੀ।

ਇਸ ਸੰਬੰਧ ਵਿੱਚ ਕਾਂਗਰਸ ਪਾਰਟੀ ਵੱਲੋਂ ਜਾਰੀ ਕੀਤੇ ਬਿਆਨ ਮੁਤਾਬਕ ਪ੍ਰਿਅੰਕਾ ਗਾਂਧੀ ਦੇ ਨਾਲ ਹੀ ਲੋਕ ਸਭਾ ਵਿੱਚ ਪਾਰਟੀ ਦੇ ਡਿਪਟੀ ਆਗੂ ਜਯੋਤਿਰਾਦਿਤਿਆ ਸਿੰਧਿਆ ਨੂੰ ਜਰਨਲ ਸਕਤਰ ਇੰਚਾਰਜ ਬਣਾਇਆ ਗਿਆ ਹੈ। ਇੱਕ ਹੋਰ ਸੀਨੀਅਰ ਕਾਂਗਰਸੀ ਆਗੂ ਕੇ ਸੀ ਵੇਣੂਗੋਪਾਲ ਨੂੰ ਜਥੇਬੰਦਕ ਜਰਨਲ ਸਕੱਤਰ ਦਾ ਜ਼ਿੰਮਾ ਸੌਂਪਿਆ ਹੈ, ਉਹ ਇਸ ਦੇ ਨਾਲ ਹੀ ਪਹਿਲਾਂ ਵਾਂਗ ਕਰਨਾਟਕ ਦੇ ਇੰਚਾਰਜ ਵੀ ਬਣੇ ਰਹਿਣਗੇ। ਹਾਲੇ ਤੱਕ ਜਥੇਬੰਦਕ ਜਰਨਲ ਸਕੱਤਰ ਦਾ ਜ਼ਿੰਮਾ ਸੰਭਾਲ ਰਹੇ ਅਸ਼ੋਕ ਗਹਿਲੋਤ ਨੂੰ ਰਾਜਸਥਾਨ ਦਾ ਮੁੱਖ ਮੰਤਰੀ ਬਣਾਏ ਜਾਣ ਪਿੱਛੋਂ ਵੇਣੂਗੋਪਾਲ ਦੀ ਇਹ ਨਵੀਂ ਨਿਯੁਕਤੀ ਕੀਤੀ ਗਈ ਹੈ। ਇਸ ਦੇ ਨਾਲ ਉੱਤਰ ਪ੍ਰਦੇਸ਼ ਦੇ ਇੰਚਾਰਜ ਜਰਨਲ ਸਕੱਤਰ ਦਾ ਕੰਮ ਸੰਭਾਲ ਰਹੇ ਗੁਲਾਮ ਨਬੀ ਆਜ਼ਾਦ ਨੂੰ ਓਥੋਂ ਵਿਹਲਾ ਕਰ ਕੇ ਹਰਿਆਣਾ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ ਹੈ।

ਕਾਂਗਰਸ ਪਾਰਟੀ ਦੀ ਨਵੀਂ ਜਨਰਲ ਸੈਕਟਰੀ ਪ੍ਰਿਅੰਕਾ ਗਾਂਧੀ ਨੂੰ ਭਾਜਪਾ ਦਾ ਗੜ੍ਹ ਮੰਨੇ ਜਾਂਦੇ ਉੱਤਰਾਂਚਲ ਪ੍ਰਦੇਸ਼ (ਅਸਲ ਵਿੱਚ ਪੂਰਬੀ ਉੱਤਰ ਪ੍ਰਦੇਸ਼) ਦੀ ਜ਼ਿੰਮੇਵਾਰੀ ਦੇਣ ਦਾ ਵੱਡਾ ਫੈਸਲਾ ਹੋਣ ਨਾਲ ਉਸ ਖੇਤਰ ਦੇ ਪਾਰਟੀ ਵਰਕਰ ਵੀ ਪ੍ਰਿਅੰਕਾ ਦੇ ਰਾਜਨੀਤੀ ਵਿਚ ਆਉਣ ਤੋਂ ਉਤਸ਼ਾਹਿਤ ਹਨ ਤੇ ਪਾਰਟੀ ਦੇ ਸੀਨੀਅਰ ਨੇਤਾਵਾਂ ਨੂੰ ਉਨ੍ਹਾਂ ਤੋਂ ਕਾਫ਼ੀ ਆਸਾਂ ਹਨ। ਕਾਂਗਰਸ ਦੇ ਸੀਨੀਅਰ ਨੇਤਾ ਮੋਤੀਲਾਲ ਵੋਰਾ ਨੇ ਪ੍ਰਿਅੰਕਾ ਗਾਂਧੀ ਦੇ ਜਰਨਲ ਸਕੱਤਰ ਬਣਨ ਉੱਤੇ ਕਿਹਾ ਕਿ ਉਸ ਦੇ ਆਉਣ ਦਾ ਅਸਰ ਹੋਰ ਖੇਤਰਾਂ ਉੱਤੇ ਵੀ ਪੈਣਾ ਹੈ। ਵਰਨਣ ਯੋਗ ਹੈ ਕਿ ਪ੍ਰਿਅੰਕਾ ਗਾਂਧੀ ਦੇ ਚੋਣ ਮੈਦਾਨ ਵਿੱਚ ਆਉਣ ਦੇ ਅੰਦਾਜ਼ੇ ਕਈ ਸਾਲਾਂ ਤੋਂ ਲੱਗ ਰਹੇ ਹਨ। ਇਸ ਨਿਯੁਕਤੀ ਪਿੱਛੋਂ ਇਹ ਕਿਹਾ ਜਾ ਰਿਹਾ ਹੈ ਕਿ ਕਾਂਗਰਸ ਦੀ ਰਿਵਾਇਤੀ ਰਾਇ ਬਰੇਲੀ ਸੀਟ ਤੋਂ ਉਹ ਚੋਣ ਵੀ ਲੜ ਸਕਦੀ ਹੈ, ਪਰ ਪਾਰਟੀ ਨੇ ਇਸ ਬਾਰੇ ਹਾਲੇ ਕੋਈ ਟਿੱਪਣੀ ਨਹੀਂ ਕੀਤੀ। ਆਪਣੀ ਭੈਣ ਪ੍ਰਿਅੰਕਾ ਗਾਂਧੀ ਵਾਡਰਾ ਨੂੰ ਪਾਰਟੀ ਦਾ ਜਨਰਲ ਸਕੱਤਰ ਅਤੇ ਉੱਤਰਾਂਚਲ ਪ੍ਰਦੇਸ਼ ਦਾ ਮੁਖੀ ਬਣਾਏ ਜਾਣ ਉੱਤੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਕਿ ਪ੍ਰਿਅੰਕਾ ਦੇ ਆਉਣ ਨਾਲ ਨਵੀਂ ਸੋਚ ਆਵੇਗੀ ਅਤੇ ਰਾਜਨੀਤੀ ਵਿਚ ਸੁਖਾਵਾਂ ਬਦਲਾਅ ਆਵੇਗਾ। ਅੱਜ ਅਮੇਠੀ ਵਿਖੇ ਮੀਡੀਆ ਨਾਲ ਗੱਲਬਾਤ ਮੌਕੇ ਰਾਹੁਲ ਨੇ ਕਿਹਾ ਕਿ ਉੱਤਰ ਪ੍ਰਦੇਸ਼ ਵਿਚ ਮੈਂ ਪ੍ਰਿਅੰਕਾ ਤੇ ਜਯੋਤੀਰਾਦਿਤਿਆ ਸਿੰਧਿਆ ਨੂੰ ਮਿਸ਼ਨ ਦਿਤਾ ਹੈ ਕਿ ਉਹ ਓਥੇ ਕਾਂਗਰਸ ਦੀ ਵਿਚਾਰਧਾਰਾ ਨੂੰ ਅੱਗੇ ਵਧਾਉਣ, ਜਿਹੜੀ ਗਰੀਬਾਂ ਅਤੇ ਕਮਜ਼ੋਰ ਲੋਕਾਂ ਦੇ ਭਲੇ ਦੀ ਅਤੇ ਸਭ ਨੂੰ ਅੱਗੇ ਲਿਜਾਣ ਵਾਲੀ ਹੈ। ਰਾਹੁਲ ਨੇ ਕਿਹਾ ਕਿ ਅਸੀਂ ਬੈਕਫੁੱਟ 'ਤੇ ਨਹੀਂ ਖੇਡਾਂਗੇ। ਉਨ੍ਹਾਂ ਕਿਹਾ ਕਿ ਉਹ ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ ਤੇ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਦਾ ਪੂਰਾ ਸਨਮਾਨ ਕਰਦੇ ਹਨ, ਕਾਂਗਰਸ ਤੇ ਉਨ੍ਹਾਂ ਦੋਵਾਂ ਪਾਰਟੀਆਂ ਦੀ ਸੋਚ ਆਪਸ ਵਿਚ ਮਿਲਦੀ ਹੈ, ਸਾਡੀ ਲੜਾਈ ਭਾਜਪਾ ਵਿਰੁੱਧ ਹੈ। ਇਸ ਮੌਕੇ ਰਾਹੁਲ ਨੇ ਵੱਡੀ ਗੱਲ ਕਹੀ ਕਿ ਬਸਪਾ ਤੇ ਸਮਾਜਵਾਦੀ ਪਾਰਟੀ ਨਾਲ ਜਿਥੇ ਸਹਿਯੋਗ ਹੋ ਸਕਦਾ ਹੈ, ਅਸੀਂ ਕਰਨ ਨੂੰ ਤਿਆਰ ਹਾਂ, ਅਸੀਂ ਭਾਜਪਾ ਨੂੰ ਹਰਾਉਣ ਲਈ ਕੁਝ ਵੀ ਕਰ ਸਕਦੇ ਹਾਂ। ਉਨ੍ਹਾਂ ਕਿਹਾ ਕਿ ਪ੍ਰਿਅੰਕਾ ਨੂੰ ਉੱਤਰ ਪ੍ਰਦੇਸ਼ ਵਿਚ ਲਿਆਉਣ ਨਾਲ ਭਾਜਪਾ ਵਾਲੇ ਘਬਰਾਏ ਹੋਏ ਹਨ, ਅਸੀਂ ਉਤਰ ਪ੍ਰਦੇਸ਼ ਦੀ ਜਨਤਾ, ਨੌਜਵਾਨਾਂ ਤੇ ਕਿਸਾਨਾਂ ਨੂੰ ਕਹਿਣਾ ਚਾਹੁੰਦੇ ਹਾਂ ਕਿ ਭਾਜਪਾ ਹਟਾਓ, ਤੁਹਾਨੂੰ ਅਸੀਂ ਨਵੀਂ ਦਿਸ਼ਾ ਦੇਵਾਂਗੇ, ਅਸੀਂ ਉਤਰ ਪ੍ਰਦੇਸ਼ ਨੂੰ ਪਹਿਲੇ ਨੰਬਰ 'ਤੇ ਲਿਆਉਣਾ ਚਾਹੁੰਦੇ ਹਾਂ।

# ਵੱਡੇ ਬਾਦਲ ਦਾ ਟਕਸਾਲੀ ਅਕਾਲੀਆਂ ਉੱਤੇ ਪਹਿਲਾ ਖੁੱਲ੍ਹਾ ਹਮਲਾ







ਬਠਿੰਡਾ, 23 ਜਨਵਰੀ, (ਪੋਸਟ ਬਿਊਰੋ)- ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅਕਾਲੀ ਦਲ ਤੋਂ ਵੱਖਰੇ ਹੋ ਕੇ ਵੱਖਰੀ ਪਾਰਟੀ 'ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਬਣਾਉਣ ਵਾਲੇ ਰਣਜੀਤ ਸਿੰਘ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ ਅਤੇ ਡਾ. ਰਤਨ ਸਿੰਘ ਅਜਨਾਲਾ ਨੂੰ 'ਗੱਦਾਰ' ਤੱਕ ਕਰਾਰ ਦੇ ਦਿੱਤਾ ਹੈ।

ਅੱਜ ਏਥੇ ਆਏ ਵੱਡੇ ਬਾਦਲ ਨੇ ਪੱਤਰਕਾਰਾਂ ਨਾਲ ਗੱਲਬਾਤ ਵਿੱਚ ਕਿਹਾ ਕਿ ਰਣਜੀਤ ਸਿੰਘ ਬ੍ਰਹਮਪੁਰਾ, ਰਤਨ ਸਿੰਘ ਅਜਨਾਲਾ ਅਤੇ ਸੇਵਾ ਸਿੰਘ ਸੇਖਵਾਂ ਨੇ ਮਾਂ ਪਾਰਟੀ ਅਕਾਲੀ ਦਲ ਨਾਲ ਗੱਦਾਰੀ ਕੀਤੀ ਹੈ। ਉਨ੍ਹਾਂ ਕਿਹਾ ਕਿ ਕਿਸੇ ਦੇ ਜਾਣ ਨਾਲ ਪਾਰਟੀ ਨੂੰ ਕੋਈ ਫਰਕ ਨਹੀਂ ਪੈਂਦਾ, ਅੱਜ ਜੇ ਉਹ ਵੀ ਪਾਰਟੀ ਛੱਡ ਦੇਣ ਤਾਂ ਫਰਕ ਨਹੀਂ ਪੈਣ ਲੱਗਾ। ਉਨ੍ਹਾਂ ਨੇ ਕਿਹਾ ਕਿ ਜਿਹੜਾ ਵੀ ਆਗੂ ਆਪਣੀ ਮਾਂ ਪਾਰਟੀ ਨਾਲ ਗੱਦਾਰੀ ਕਰਦਾ ਹੈ, ਉਹ ਫਿਰ ਕਦੇ ਸਫਲ ਨਹੀਂ ਹੋ ਸਕਦਾ, ਅੱਜ ਜਿਹੜੇ ਆਗੂ ਪਾਰਟੀ ਦੇ ਖਿਲਾਫ ਬੋਲ ਰਹੇ ਹਨ, ਉਨ੍ਹਾਂ ਨੂੰ ਪਾਰਟੀ ਨੇ ਬਥੇਰਾ ਇੱਜ਼ਤ-ਮਾਣ ਦਿੱਤਾ ਸੀ। ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਅਕਾਲੀ ਦਲ ਨੇ ਲੋਕਾਂ ਦੇ ਹਿੱਤਾਂ ਦੀ ਲੜਾਈ ਲੜੀ ਹੈ ਤੇ ਆਸ ਹੈ ਕਿ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੇ ਲੋਕ ਇਸ ਦਾ ਇੱਕ ਵਾਰ ਫਿਰ ਸਾਥ ਦੇਣਗੇ।

ਇਸ ਦੌਰਾਨ ਤਰਨ ਤਾਰਨ ਵਿੱਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਸੱਤਾ ਦਾ ਸੁੱਖ ਭੋਗਣ ਪਿੱਛੋਂ ਔਖੇ ਸਮੇਂ ਵਿਚ ਪਾਰਟੀ ਦਾ ਸਾਥ ਛੱਡਣ ਵਾਲੇ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਡਾ. ਰਤਨ ਸਿੰਘ ਅਜਨਾਲਾ ਨੂੰ ਭਵਿੱਖ ਵਿੱਚ ਕਦੇ ਵੀ ਪਾਰਟੀ ਵਿਚ ਵਾਪਸ ਨਹੀਂ ਲਿਆ ਜਾਵੇਗਾ। ਹਲਕੇ ਦੇ ਪਿੰਡ ਨੌਰੰਗਾਬਾਦ ਵਿਖੇ ਵਰਕਰ ਮਿਲਣੀ ਦੇ ਦੌਰਾਨ ਸੁਖਬੀਰ ਸਿੰਘ ਨੇ ਕਿਹਾ ਕਿ ਪਾਰਟੀ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਤੋਂ ਬਾਅਦ ਬ੍ਰਹਮਪੁਰਾ ਦਾ ਸਤਿਕਾਰ ਹੁੰਦਾ ਸੀ, ਜਦੋਂ ਕੈਰੋਂ ਪਰਿਵਾਰ ਨਾਲ ਸਬੰਧ ਬਣੇ ਤਾਂ ਉਦੋਂ ਵੀ ਪ੍ਰਕਾਸ਼ ਸਿੰਘ ਬਾਦਲ ਨੇ ਚੋਣਾਂ ਵਿੱਚ ਬ੍ਰਹਮਪੁਰਾ ਦਾ ਸਾਥ ਦਿੱਤਾ ਸੀ। ਫੇਰ ਜਦੋਂ ਬ੍ਰਹਮਪੁਰਾ ਵਿਧਾਨ ਸਭਾ ਦੀ ਚੋਣ ਹਾਰ ਗਏ ਤਾਂ ਖਡੂਰ ਸਾਹਿਬ ਲੋਕ ਸਭਾ ਹਲਕੇ ਲਈ ਉਸ ਵੇਲੇ ਦੇ ਪਾਰਲੀਮੈਂਟ ਮੈਂਬਰ ਡਾ. ਰਤਨ ਸਿੰਘ ਅਜਨਾਲਾ ਦੀ ਟਿਕਟ ਕੱਟ ਕੇ ਬ੍ਰਹਮਪੁਰਾ ਨੂੰ ਚੋਣ ਲੜਾਈ ਸੀ। ਕਾਂਗਰਸ ਦੇ ਵਿਧਾਇਕ ਰਮਨਜੀਤ ਸਿੰਘ ਸਿੱਕੀ ਦੇ ਅਸਤੀਫ਼ਾ ਦੇਣ ਨਾਲ ਖਾਲੀ ਹੋਈ ਖਡੂਰ ਸਾਹਿਬ ਵਿਧਾਨ ਸਭਾ ਸੀਟ ਅਕਾਲੀ ਦਲ ਲੜਨਾ ਨਹੀਂ ਸੀ ਚਾਹੁੰਦਾ, ਪਰ ਰਣਜੀਤ ਸਿੰਘ ਬ੍ਰਹਮਪੁਰਾ ਦੀ ਜ਼ਿੱਦ ਕਾਰਨ ਰਵਿੰਦਰ ਸਿੰਘ ਬ੍ਰਹਮਪੁਰਾ ਨੂੰ ਟਿਕਟ ਦਿੱਤੀ ਗਈ ਅਤੇ ਅੱਜ ਉਹ ਸਭ ਕੁਝ ਭੁੱਲਕੇ ਬਾਹਰ ਹੋ ਗਏ ਹਨ।

# ਮੌੜ ਮੰਡੀ ਬੰਬ ਕਾਂਡ: ਸਾਬਕਾ ਕਾਂਗਰਸੀ ਮੰਤਰੀ ਵਿਰੁੱਧ ਕਾਂਗਰਸੀ ਆਗੂ ਭੁਪਿੰਦਰ ਗੋਰਾ ਨੇ ਬਿਆਨ ਦਰਜ ਕਰਵਾਏ




ਮੌੜ ਮੰਡੀ, 23 ਜਨਵਰੀ, (ਪੋਸਟ ਬਿਊਰੋ)- ਹਲਕਾ ਮੌੜ ਤੋਂ ਕਾਂਗਰਸ ਦੇ ਸਾਬਕਾ ਇੰਚਾਰਜ ਭੁਪਿੰਦਰ ਸਿੰਘ ਗੋਰਾ ਦੇ ਖ਼ਿਲਾਫ ਸਾਬਕਾ ਮੰਤਰੀ ਹਰਮਿੰਦਰ ਸਿੰਘ ਜੱਸੀ ਵੱਲੋਂ ਪੁਲਿਸ ਨੂੰ ਕੀਤੀ ਸ਼ਿਕਾਇਤ ਉੱਤੇ ਭੁਪਿੰਦਰ ਸਿੰਘ ਗੋਰਾ ਨੇ ਅੱਜ ਥਾਣਾ ਮੁਖੀ ਦਲਬੀਰ ਸਿੰਘ ਕੋਲ ਆਪਣੇ ਬਿਆਨ ਦਰਜ ਕਰਵਾ ਦਿੱਤੇ ਹਨ।

ਅੱਜ ਦੀ ਇਹ ਕਾਰਵਾਈ ਪੂਰੀ ਕਰਨ ਪਿੱਛੋਂ ਪੱਤਰਕਾਰਾਂ ਨਾਲ ਗੱਲਬਾਤ ਮੌਕੇ ਭੁਪਿੰਦਰ ਸਿੰਘ ਗੋਰਾ ਨੇ ਕਿਹਾ ਕਿ ਮੌੜ ਬੰਬ ਕਾਂਡ ਬਾਰੇ ਉਹ ਦੋਸ਼ੀਆਂ ਦੀ ਗ੍ਰਿਫ਼ਤਾਰੀ ਲਈ ਲਗਾਤਾਰ ਬਿਆਨ ਦਿੰਦੇ ਰਹੇ ਹਨ। ਉਨ੍ਹਾਂ ਕਿਹਾ ਕਿ ਡੀ ਆਈ ਜੀ ਰਣਬੀਰ ਸਿੰਘ ਖੱਟੜਾ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ ਅਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸ ਵਿੱਚ ਸੱਚਾ ਸੌਦਾ ਡੇਰੇ ਵਾਲਿਆਂ ਦਾ ਹੱਥ ਹੋਣਾ ਮੰਨਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਮੌੜ ਬੰਬ ਧਮਾਕੇ ਵਿੱਚ ਵਰਤੀ ਗਈ ਕਾਰ ਦਾ ਹੁਲੀਆ ਡੇਰਾ ਸਿਰਸਾ ਵਿੱਚ ਬਦਲਣ ਨਾਲ ਉਸ ਡੇਰੇ ਦੇ ਮੁਖੀ ਦੀ ਇਸ ਕੇਸ ਵਿੱਚ ਸ਼ਮੂਲੀਅਤ ਬਾਰੇ ਲਗਾਤਾਰ ਬਿਆਨ ਦੇ ਕੇ ਸਰਕਾਰ ਤੋਂ ਮੰਗ ਕਰ ਰਹੇ ਹਨ ਕਿ ਡੇਰਾ ਮੁਖੀ ਰਾਮ ਰਹੀਮ ਸਿੰਘ ਦੇ ਖਿਲਾਫ ਕੇਸ ਦਰਜ ਹੋਵੇ ਤੇ ਉਸ ਨੂੰ ਗ੍ਰਿਫਤਾਰ ਕਰਕੇ ਪੁੱਛਗਿੱਛ ਕੀਤੀ ਜਾਵੇ ਤਾਂ ਕਾਤਲਾਂ ਦਾ ਪਤਾ ਲੱਗ ਸਕਦਾ ਹੈ। ਇਸ ਮੌਕੇ ਗੋਰਾ ਨੇ ਕਿਹਾ ਕਿ ਉਹ ਹਲਕਾ ਮੌੜ ਤੋਂ ਕਾਂਗਰਸ ਦੇ ਇੰਚਾਰਜ ਰਹਿ ਚੁੱਕੇ ਹੋਣ ਕਾਰਨ ਇਸ ਹਲਕੇ ਦੇ ਲੋਕਾਂ ਨਾਲ ਉਨ੍ਹਾਂ ਦਾ ਪਿਆਰ ਹੈ ਤੇ ਇਸੇ ਲਈ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਅਰਜ਼ੀ ਦਾਇਰ ਕਰਕੇ ਮੰਗ ਕੀਤੀ ਹੈ ਕਿ ਮੌੜ ਬੰਬ ਕਾਂਡ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਅਜੇ ਤੱਕ ਨਾ ਮੌੜ ਬੰਬ ਕਾਂਡ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਨਾ ਪੀੜਤ ਪਰਿਵਾਰਾਂ ਦੀ ਮਦਦ ਕੀਤੀ ਗਈ ਹੈ। ਗੋਰਾ ਨੇ ਕਿਹਾ ਕਿ ਸੰਵਿਧਾਨ ਅਨੁਸਾਰ ਹਰ ਕਿਸੇ ਨੂੰ ਬੋਲਣ ਦਾ ਹੱਕ ਹੈ ਤੇ ਉਹ ਹਮੇਸ਼ਾਂ ਮੌੜ ਬੰਬ ਕਾਂਡ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਾਉਣ ਲਈ ਆਵਾਜ਼ ਚੁੱਕਦੇ ਰਹਿਣਗੇ, ਪਰ ਸਾਬਕਾ ਮੰਤਰੀ ਹਰਮਿੰਦਰ ਸਿੰਘ ਜੱਸੀ ਵੱਲੋਂ ਉਸ ਉੱਤੇ ਪੁਲਿਸ ਦਾ ਦਬਾਅ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਜੋ ਉਹ ਬੰਬ ਕਾਂਡ ਵਿਰੁੱਧ ਆਵਾਜ਼ ਬੰਦ ਕਰ ਦੇਣ, ਜਦ ਕਿ ਉਹ ਕਦੇ ਵੀ ਦਬਾਅ ਹੇਠ ਆ ਕੇ ਸੱਚ ਦੀ ਆਵਾਜ਼ ਨੂੰ ਬੰਦ ਨਹੀ ਕਰਨਗੇ।

# ਵਿਸ਼ਵ ਆਰਥਿਕ ਫੋਰਮ ਦੌਰਾਨ ਸੰਸਾਰ ਕਾਰੋਬਾਰੀਆਂ ਨੂੰ ਪੰਜਾਬ ਵਿੱਚ ਨਿਵੇਸ਼ ਦਾ ਸੱਦਾ

ਚੰਡੀਗੜ੍ਹ, 23 ਜਨਵਰੀ, (ਪੋਸਟ ਬਿਊਰੋ)- ਡਾਵੋਸ ਵਿਖੇ ਚੱਲ ਰਹੇ ਵਰਲਡ ਇਕਨਾਮਿਕ ਫੋਰਮ (ਡਬਲਿਊ ਈ ਐਫ) ਦੇ ਦੌਰਾਨ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਪੰਜਾਬ ਵਿੱਚ ਪੂੰਜੀ ਨਿਵੇਸ਼ ਲਈ ਸੰਸਾਰ ਪੱਧਰ ਦੇ ਕਈ ਗਰੁੱਪਾਂ ਦੇ ਮੁਖੀਆਂ ਨਾਲ ਵਿਚਾਰ-ਵਟਾਂਦਰਾ ਅਤੇ ਸੱਦਾ ਦਿੱਤਾ ਹੈ।

ਵਰਨਣ ਯੋਗ ਹੈ ਕਿ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਹੇਠ ਪੰਜਾਬ ਦੇ ਕਾਰੋਬਾਰੀ ਵਫਦ ਵਿੱਚ ਐਡੀਸ਼ਨਲ ਚੀਫ ਸੈਕਟਰੀ (ਉਦਯੋਗ) ਸ੍ਰੀਮਤੀ ਵਿਨੀ ਮਹਾਜਨ ਤੇ ਇਨਵੈਸਟ ਪੰਜਾਬ ਦੇ ਸੀ ਈ ਓ ਰਜਤ ਅਗਰਵਾਲ ਵੀ ਸ਼ਾਮਲ ਹਨ। ਇਸ ਸੰਮੇਲਨ ਵਿੱਚ ਸਿਆਸੀ, ਸੱਭਿਆਚਾਰਕ ਅਤੇ ਸਨਅਤੀ ਗਰੁੱਪਾਂ ਦੇ ਆਗੂ ਹਿੱਸਾ ਲੈ ਰਹੇ ਹਨ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਵਰਲਡ ਇਕਨਾਮਿਕ ਫੋਰਮ ਵੱਲੋਂ ਕਾਂ-ਗਰਸ ਸੈਂਟਰ ਡਾਵੋਸ ਵਿੱਚ ਰੱਖੇ ਸਮਾਗਮ ਵਿੱਚ ਹਿੱਸਾ ਲੈਣ ਪਿੱਛੋਂ ਦੁਬਈ ਦੇ ਲੁਲੁ ਗਰੁੱਪ ਦੇ ਚੇਅਰਮੈਨ ਯੂਸਫ ਅਲੀ ਨਾਲ ਮੁਲਾਕਾਤ ਕੀਤੀ। ਲੁਲੁ ਗਰੁੱਪ ਨੇ ਇਸ ਤੋਂ ਪਹਿਲਾਂ ਦਸੰਬਰ ਵਿੱਚ ਮੁਹਾਲੀ ਵਿੱਚ ਇੱਕ ਸਾਂਝੇ ਪ੍ਰਾਜੈਕਟ ਨਾਲ ਪੰਜਾਬ ਵਿੱਚ ਕਾਰੋਬਾਰ ਕਰਨ ਲਈ ਦਿਲਚਸਪੀ ਦਿਖਾਈ ਸੀ। ਇਨਵੈਸਟ ਇੰਡੀਆ ਤੇ ਪੇਅਪਾਲ ਦੀ ਮੇਜ਼ਬਾਨੀ ਵਾਲੀ ਡਿਵੈਲਪਿੰਗ ਆਨ ਐਕਸਪੋਰਟ ਇਕਾਨਮੀ ਫਾਰ ਐਮ ਐਸ ਐਮ ਈ ਐਸ ਇਨ ਇੰਡੀਆ ਉਤੇ ਗੋਲ ਮੇਜ਼ ਚਰਚਾ ਵਿੱਚ ਵਿੱਤ ਮੰਤਰੀ ਨੇ ਇਸ ਪੂੰਜੀ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਤੇ ਸਨਅਤ ਦੀ ਸਾਂਝ ਨਾਲ ਨੀਤੀ ਬਣਾਉਣ ਦੀ ਗੱਲ ਕਹੀ।

ਸੰਸਾਰ ਮੋਨੀਟਰੀ ਫੰਡ (ਆਈ ਐੱਮ ਐੱਫ) ਦੀ ਮੁੱਖ ਆਰਥਿਕ ਮਾਹਰ ਗੀਤਾ ਗੋਪੀਨਾਥ ਵੱਲੋਂ ਕਰਵਾਏ 'ਭਾਰਤ ਬਾਰੇ ਰਣਨੀਤਕ ਡਾਇਲਾਗ' ਵਿੱਚ ਮਨਪ੍ਰੀਤ ਸਿੰਘ ਬਾਦਲ ਨੇ ਆਂਧਰਾ ਪ੍ਰਦੇਸ਼ ਦੇ ਸੂਚਨਾ ਤਕਨੀਕ ਮੰਤਰੀ ਲੋਕੇਸ਼ ਨਾਰਾ, ਨੀਤੀ ਆਯੋਗ ਦੇ ਸੀ ਈ ਓ ਅਮਿਤਾਭ ਕਾਂਤ ਅਤੇ ਉਦਯੋਗ ਨੀਤੀ ਅਤੇ ਪ੍ਰੋਮੋਸ਼ਨ ਵਿਭਾਗ ਦੇ ਸਕੱਤਰ ਰਮੇਸ਼ ਅਭਿਸ਼ੇਕ ਨਾਲ ਗੱਲਬਾਤ ਕੀਤੀ। ਐਮਾਜ਼ੌਨ ਵੈੱਬ ਸਰਵਿਸਿਜ਼ ਭਾਰਤ ਵਿੱਚ ਕਲਾਊਡ ਤਕਨੀਕ ਵਿੱਚ ਨੌਜਵਾਨਾਂ ਨੂੰ ਸਿਖਲਾਈ ਦੇਣ ਬਾਰੇ ਸੋਚ ਰਹੀ ਹੈ। ਟੈਲੀਕਾਮ, ਖੇਤੀ, ਵਪਾਰ, ਫਾਈਨਾਂਸ ਸਰਵਿਸਿਜ਼, ਰੀਟੇਲ ਤੇ ਕਮਿਊਨੀਕੇਸ਼ਨ ਖੇਤਰ ਵਿੱਚ ਰਾਕੇਸ਼ ਭਾਰਤੀ ਤੇ ਪੰਜਾਬ ਦੇ ਵਫ਼ਦ ਨੇ ਸਹਿਯੋਗ ਦੇ ਮੁੱਦਿਆਂ ਉੱਤੇ ਵਿਚਾਰ ਕੀਤੀ ਹੈ। ਸੰਮੇਲਨ ਦੇ ਦੌਰਾਨ ਪੰਜਾਬ ਦੇ ਵਫ਼ਦ ਨੇ ਸੰਸਾਰ ਦੇ ਕਾਰੋਬਾਰੀ ਆਗੂਆਂ ਨਾਲ ਅਗਲੇ ਦਿਨਾਂ ਵਿੱਚ ਮੀਟਿੰਗਾਂ ਵੀ ਤੈਅ ਕੀਤੀਆਂ ਤੇ ਕੌਮਾਂਤਰੀ ਮਹੱਤਤਾ ਦੇ ਵਿਸ਼ਿਆਂ ਬਾਰੇ ਗੱਲ ਅੱਗੇ ਵਧਾਈ ਹੈ।

# ਕੈਪਟਨ ਅਮਰਿੰਦਰ ਸਿੰਘ ਦੀ ਮੰਗ: ਕਰਤਾਰਪੁਰ ਸਾਹਿਬ ਦੀ ਯਾਤਰਾ ਸਿਰਫ ਸਿੱਖਾਂ ਲਈ ਸੀਮਤ ਨਾ ਕੀਤੀ ਜਾਵੇ



ਚੰਡੀਗੜ੍ਹ, 23 ਜਨਵਰੀ, (ਪੋਸਟ ਬਿਊਰੋ)- ਭਾਰਤੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਦੀ ਆਗਿਆ ਨੂੰ ਸਿਰਫ਼ ਸਿੱਖ ਸ਼ਰਧਾਲੂਆਂ ਤੱਕ ਸੀਮਤ ਕਰਨ ਬਾਰੇ ਪਾਕਿਸਤਾਨ ਦੀ ਤਜਵੀਜ਼ ਉਤੇ ਆਪਣੀ ਰਾਏ ਦੇਂਦੇ ਹੋਏ ਕਿਹਾ ਹੈ ਕਿ ਗੁਰੂ ਨਾਨਕ ਸਾਹਿਬ ਦੀਆਂ ਸਿੱਖਿਆਵਾਂ ਨੂੰ ਸਾਰੇ ਧਰਮਾਂ ਨਾਲ ਜੁੜੇ ਹੋਏ ਸ਼ਰਧਾਲੂ ਮੰਨਦੇ ਹਨ ਅਤੇ ਇਹ ਯਾਤਰਾ ਸਿਰਫ ਸਿੱਖਾਂ ਤੱਕ ਸੀਮਤ ਕਰਨਾ ਠੀਕ ਨਹੀਂ।

ਕੈਪਟਨ ਅਮਰਿੰਦਰ ਸਿੰਘ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਕਰਤਾਰਪੁਰ ਸਾਹਿਬ ਵੱਲ ਦੇ ਲਾਂਘੇ ਵੱਲੋਂ ਆਪਣੇ ਅਧਿਕਾਰ ਵਾਲੇ ਖੇਤਰ ਵਿਚ ਦਾਖ਼ਲਾ ਲਾਗੂ ਕਰਨ ਲਈ ਜਦੋਂ ਪਾਕਿਸਤਾਨ ਨੂੰ ਸਮਝੌਤੇ ਦਾ ਖਰੜਾ ਭੇਜਿਆ ਜਾਵੇ ਤਾਂ ਉਸ ਵੇਲੇ ਇਹ ਮਸਲਾ ਪਾਕਿਸਤਾਨ ਸਰਕਾਰ ਕੋਲ ਚੁੱਕਿਆ ਜਾਵੇ ਕਿ ਸਿਰਫ ਸਿੱਖਾਂ ਤੱਕ ਇਹ ਛੋਟ ਸੀਮਤ ਕਰਨਾ ਠੀਕ ਨਹੀਂ ਹੈ। ਇੱਕ ਪ੍ਰੈੱਸ ਬਿਆਨ ਵਿਚ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਆਖਿਆ ਕਿ ਹਿੰਦੂ ਪਰਿਵਾਰਾਂ ਵਿਚ ਆਪਣੇ ਵੱਡੇ ਪੁੱਤਰ ਨੂੰ ਸਿੱਖ ਸਜਾਉਣ ਦੀ ਰਵਾਇਤ ਸਾਲਾਂ-ਬੱਧੀ ਚਲਦੀ ਰਹੀ ਹੈ ਅਤੇ ਇਸਲਾਮਿਕ ਭਾਈਚਾਰੇ ਵਿਚ ਵੀ ਗੁਰੂ ਨਾਨਕ ਸਾਹਿਬ ਦਾ ਦਰਜਾ ਬਹੁਤ ਉੱਚਾ ਹੈ। ਉਨ੍ਹਾਂ ਕਿਹਾ ਕਿ ਸ਼ਰਧਾਲੂਆਂ ਨੂੰ ਸਿਰਫ ਇਸ ਕਾਰਨ ਕਰਤਾਰਪੁਰ ਗੁਰੂ ਘਰ ਦੇ ਦਰਸ਼ਨ ਕਰਨ ਤੋਂ ਵਾਂਝਾ ਕਰਨਾ ਗਲਤ ਹੈ ਕਿ ਉਹ ਸਿੱਖ ਨਹੀਂ। ਉਨ੍ਹਾਂ ਕਿਹਾ ਕਿ ਪਾਕਿ-ਸਤਾਨ ਸਰਕਾਰ ਦੀ ਤਜਵੀਜ਼ ਦੇ ਮੁਤਾਬਕ ਇਕ ਗਰੁੱਪ ਵਿਚ 15 ਜਣਿਆਂ ਨੂੰ ਸੀਮਤ ਕਰਨਾ ਵੀ ਠੀਕ ਨਹੀਂ ਤੇ ਸ਼ਰਧਾਲੂਆਂ ਨੂੰ ਨਿੱਜੀ ਤੌਰ ਉੱਤੇ ਜਾਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ ਤੇ ਇਕ ਦਿਨ ਦੌਰਾਨ 500 ਸ਼ਰਧਾਲੂਆਂ ਦੇ ਜਾਣ ਦੀ ਪਾਬੰਦੀ ਨਹੀਂ ਚਾਹੀਦੀ, ਖਾਸ ਤੌਰ 'ਤੇ ਓਦੋਂ, ਜਦੋਂ ਨਵੰਬਰ 2019 ਵਿਚ ਗੁਰੂ ਨਾਨਕ ਸਾਹਿਬ ਦਾ 550ਵਾਂ ਪ੍ਰਕਾਸ਼ ਪੁਰਬ ਮਨਾਇਆ ਜਾਣਾ ਹੈ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana


Member ICCRC

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com




"Quality is our strength."

SKYDOME GROUP OF COMPANIES

WE DEAL WITH ALL INSURANCE COMPANIES

MINISTRY APPROVED SALVAGE INSPECTION STATION

Body Centre

Daljit Singh

308 Rutherford Road Brampton

905-874-9878

Skydome Emission & Allignment Centre Inc.

210 Rutherford Rd., Brampton

905-450-9878

WE SELL QUALITY USED CARS

STAFFORD TRUCK CENTRE

30 Stafford Dr., Brampton, Tel: 905 - 460 - 1414

HEAD OFFICE: 905-874-9878

Tol Free: 1-877-799-9878, www.skydomeauto.ca



Paramjit Deol CELL: 416-993-7378

Broker 7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484

www.paramjitdeol.com

Email: pdeol3@yahoo.ca

Your neighborhood broker, Call Paramjit Deol Today





Business for Sale

TORONTO $99,000 — 2481 Lakeshore Blvd W.: ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰਾਂਟ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,600 ਅਤੇ ਸੇਲ $7,000 ਪ੍ਰਤੀ ਹਫ਼ਤਾ,ਕਈ ਸਾਲਾਂ ਤੋ ਚਲ ਰਿਹਾ, ਵਧੀਆ ਪਲਾਜ਼ੇ ਚ ਤੇ ਹੋਰ ਵੀ ਬਹੁਤ ਕੁਝ।

TORONTO $140,000 — 1051 Midland Ave: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ ਪਿਜ਼ਾ ਸ਼ਾਪ ਜਿਸ ਦੀ ਆਮਦਨ $15,000/ਮਹੀਨਾ, ਬਹੁਤ ਹੀ ਘੱਟ ਰੈਂਟ ਸਿਰਫ $1,525/ਮਹੀਨਾ, ਤੇ ਹੋਰ ਵੀ ਬਹੁਤ ਕੁਝ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

TORONTO $69,000 — 256 Brownsline Rd: ਬਹੁਤ ਹੀ ਵਧੀਆ ਚੱਲ ਰਿਹਾ ਵੀਅਤਨਾਮੀ ਤੇ ਥਾਈ ਰੈਸਟੋਰੈਂਟ, ਡੋਂਗ ਜੀਆ ਸੇਲ ਤੇ, ਵਧੀਆ ਲੋਕੇਸ਼ਨ, ਹਾਈ ਟ੍ਰੈਫਿਕ ਫਲੋਂ, ਬਹੁਤ ਹੀ ਘੱਟ ਰੈਂਟ, $1,800 ਪ੍ਰਤੀ ਮਹੀਨਾ। ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $54,900 — 255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

BRAMPTON $199,000 — 8770 Gore Rd 6: ਬਹੁਤ ਹੀ ਵਧੀਆ ਚਲ ਰਿਹਾ ਸ੍ਰੀ ਲਨਕਣ ਤੇ ਇੰਡੀਅਣ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $30000 ਤੋਂ ਵੱਧ ਸੇਲ, ਬਹੁਤ ਹੀ ਘੱਟ ਰੈਂਟ ਸਿਰਫ $3575/ਮਹੀਨਾ। ਹਾਈ ਟਰੇਫਿਕ ਫਲੋਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

MISSISSAUGA $159,900 — 2960 Drew Rd E 137: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $50,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $3051, ਹਾਈ ਟਰੇਫਿਕ ਫਲੋਂ, ਅੱਜ ਹੀ ਕਾਲ ਕਰੋ।

BRAMPTON $240,000 — 15 Ashby Field Rd 9: ਲੰਘ ਗਿਆ ਸਮਾਂ ਹੱਥ ਨਹੀ ਆਉਣਾ, ਬਹੁਤ ਹੀ ਵਧੀਆ ਚੱਲ ਰਹੀ ਪਿਜ਼ਾ ਸ਼ਾਪ, ਹਾਈ ਟ੍ਰੈਫਿਕ ਫਲੋਂ, ਘਰਾਂ ਦੇ ਨੇੜੇ, ਅੱਜ ਹੀ ਕਾਲ ਕਰੋ।

BRAMPTON $369,000 — 15 Brisdale Dr 7&8: ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

House for Sale

BRANTFORD $525,000 — 118&120 Morrell St: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਅਪਾਰਟਮੈਂਟ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

BRAMPTON $349,000 — 4 Kings Cross Rd: ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 1+1 ਬੈਡਰੂਮ ਅਤੇ 1 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ। ਮਾਡਰਨ ਕਿਚਨ, ਬਰੈਮਲੀ ਸਿਟੀ ਸੈਂਟਰ ਦੇ ਨੇੜੇ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $699,900 — 3328 Victoria Ave.: ਬਹੁਤ ਹੀ ਵਧੀਆ ਤੇ ਸਾਫ ਸੁਥਰਾ 3+1 ਬੈਡਰੂਮ ਅਤੇ 3 ਵਾਸ਼ਰੂਮ ਘਰ, ਹਾਰਡਵੁਡ ਫਲੋਰ, ਫਿਨੀਸ਼ਡ ਬੈਸਮੈਂਟ, ਸੇਪਰੇਟ ਕਿਚਨ ਅਤੇ ਹੋਰ ਵੀ ਬਹੁਤ ਕੁਝ।

BRAMPTON $789,000 — 29 Larkspur Rd.: ਬਹੁਤ ਹੀ ਸੋਹਣਾ 3+2 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ,ਮਾਸਟਰ ਬੈਡਰੂਮ ਨੂੰ 5 ਪਿਸ ਇੰਨ ਸੂਟ, ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ।

BRAMPTON $179,000 — 384 Yonge St.11: ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋਂ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

TORONTO $899,000 — Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

BRAMPTON $910,000 — 18 Berwick Ave: ਬਹੁਤ ਹੀ ਸਾਫ ਸੁਥਰਾ 4+2 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਰੈਨੋਵੇਟਡ ਘਰ, ਹਾਰਡਵੂਡ ਫਲੋਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999 — Mayfield & McVeen: ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

*Canadian punjabi post assumes no responsibility for the accuracy of any information shown. Copyright Ppost 2019

# ਐੱਮ ਪੀ ਰਮੇਸ਼ ਸੰਘਾ ਭਾਰਤ ਫੇਰੀ ਤੋਂ ਕੈਨੇਡਾ ਪਰਤੇ

## 'ਪਬਲਿਕ ਰਿਪੋਰਟ ਆਨ ਟੈਰੋਰਿਜ਼ਮ ਥਰੈੱਟ ਟੂ ਕੈਨੇਡਾ 2018' ਬਾਰੇ ਰੱਖੇ ਵਿਚਾਰ



ਬਰੈਂਪਟਨ ਸੈਂਟਰ ਤੋਂ ਮੈਂਬਰ ਪਾਰਲੀਮੈਂਟ ਰਮੇਸ਼ ਸੰਘਾ ਨੇਂ ਆਪਣੀ ਇੰਡੀਆ ਫੇਰੀ ਤੋਂ ਕੈਨੇਡਾ ਵਾਪਿਸ ਪਰਤਣ ਤੇ ਮੀਡੀਆ ਰੀਲੀਜ਼ ਜਾਰੀ ਕਰਦੇ ਹੋਏ ਕਿਹਾ ਹੈ ਕਿ ਮੈਨੂੰ ਆਪਣੀਂ ਸਿੱਖ ਕਮਿਉਨਿਟੀ ਤੇ ਬਹੁਤ ਮਾਣ ਹੈ ਜਿਹਨਾਂ ਨੇਂ ਕੇਨੇਡਾ ਸਕਿਉਰਟੀਜ਼ ਅਤੇ ਇੰਟੈਲੀਜੈਂਸ ਏਜੰਸੀਆਂ ਦੁਆਰਾ 'ਪਬਲਿਕ ਰਿਪੋਰਟ ਆਨ ਟੈਰੋਰਿਸਮ ਥਰੈਟ ਕਨੇਡਾ 2018' ਵਿੱਚ ਸ਼ਬਦ ਸਿੱਖ' ਦੀ ਵਰਤੋ ਤੇ ਜੋ ਇਤਰਾਜ਼ ਉਠਾਏ ਸਨ, ਉਹਨਾਂ ਨੂੰ ਸਿੱਖ ਕਦਰਾਂ ਕੀਮਤਾਂ ਦੇ ਹਿਸਾਬ ਮੁਤਾਬਿਕ ਬਹੁਤਾ ਨਹੀਂ ਉਛਾਲਿਆ। ਇਸ ਵਿੱਚ ਸਿੱਖ ਕਮਿਉਨਿਟੀ ਨੇਂ ਧੀਰਜ ਦਿਖਾਉਂਦੇ ਹੋਏ ਆਪਣੀ ਕਨੇਡੀਅਨ ਕਮਿਉਨਿਟੀ ਦੇ ਮਾਣ ਦੇ ਮਿਆਰ ਨੂੰ ਬਹੁਤ ਉੱਚਾ ਚੁੱਕਿਆ ਹੈ।ਉਹਨਾਂ ਕਿਹਾ ਕਿ ਇਹ ਦੱਸਣਯੋਗ ਹੇ ਕਿ ਜਦੋਂ ਮਨਿਸਟਰ ਰਾਲਫ ਗੁਡੇਲ (ਮਨਿਸਟਰ ਫਾਰ ਇਨਟਰਨਲ ਸਕਿਉਰਟੀ ਐਂਡ ਸੇਫਟੀ) ਨੂੰ ਇਹ ਪਤਾ ਲੱਗਾ ਕਿ ਸਿੱਖ ਕਮਿਉਨਿਟੀ ਵਿੱਚ ਇਸ ਰਿਪੋਰਟ ਵਿੱਚ 'ਸਿੱਖ' ਸ਼ਬਦ ਦੀ ਵਰਤੋਂ ਤੇ ਇਤਰਾਜ਼ ਹੈ ਤਾਂ ਉਹਨਾਂ ਨੇਂ ਇਕਦਮ ਸਿੱਖ ਕਮਿਉਨਿਟੀ ਨਾਲ ਸੰਬਧਿਤ ਮਨਿਸਟਰਾਂ ਅਤੇ ਮੈਂਬਰ ਪਾਰਲੀਮੈਂਟਾਂ ਦੀ ਕਾਕਸ ਦੀ ਅਗਾਮੀਂ ਮੀਟਿੰਗ ਬੁਲਾ ਲਈ ਸੀ ਤਾਂ ਜੋ ਇਸ ਦਾ ਸਹੀ ਹੱਲ ਕੱਢਿਆ ਜਾ ਸਕੇ।

ਇੱਥੇ ਇਹ ਵਰਨਣਯੋਗ ਹੈ ਕਿ ਇਸ ਮੀਟਿੰਗ ਦੌਰਾਨ ਮਨਿਸਟਰ ਰਾਲਫ ਗੁਡੇਲ ਨੇ ਇਹ ਸਪਸ਼ਟ ਕੀਤਾ ਸੀ ਕਿ 'ਸਿੱਖ' ਸ਼ਬਦ ਦੀ ਵਰਤੋਂ ਪਹਿਲਾਂ ਵੀ ਕਈ ਸਾਲਾਂ ਤੋਂ ਕੀਤੀ ਜਾ ਰਹੀ ਹੈ। ਉਹਨਾ ਕਿਹਾ ਕਿ ਸ਼ਾਇਦ ਇਸੇ ਕਰਕੇ ਮੇਰੇ ਮਹਿਕਮੇਂ ਦੇ ਅਫਸਰਾਂ ਨੇਂ ਇਸ ਵਾਰ ਵੀ ਸਿੱਖ ਸ਼ਬਦ ਦੀ ਵਰਤੋਂ ਕਰ ਲਈ। ਪਰੰਤੂ ਉਹਨਾਂ ਨੇਂ ਇਹ ਵੀ ਸਪਸ਼ਟ ਕਰ ਦਿੱਤਾ ਸੀ ਕਿ ਉਹ ਨਹੀਂ ਚਾਹੁੰਦੇ ਕਿ ਕਿਸੇ ਧਰਮ ਨੂੰ ਟੈਰੋਰਿਜ਼ਮ ਨਾਲ ਜੋੜਿਆ ਜਾਵੇ। ਉਹਨਾਂ ਨੇਂ ਇਹ ਘੋਸ਼ਣਾਂ ਕਰ ਦਿੱਤੀ ਸੀ ਕਿ ਮੈਂ ਇਕਦਮ ਆਪਣੇ ਅਫਸਰਾਂ ਨੂੰ ਨਿਰਦੇਸ਼ ਜਾਰੀ ਕਰੂੰਗਾ ਕਿ ਉਹ ਆਪਣੀਆਂ ਰਿਪੋਰਟਾਂ ਦੀ ਸਮੀਖਿਆ ਕਰਦੇ ਹੋਏ ਲੋੜੀਂਦੀ ਤਰਮੀਮ ਕਰਨ। ਸਿੱਖ' ਸ਼ਬਦ ਨੂੰ ਟੈਰੋਰਿਜ਼ਮ ਨਾਲ ਜੋੜਨ ਤੋਂ ਗੁਰੇਜ਼ ਕਰਨ।ਮਿਸਟਰ ਗੁਡੇਲ ਨੇਂ ਅਗਾਂਹਵਧੂ ਕਦਮ ਚੁੱਕਦੇ ਹੋਏ ਆਪਣੇ ਦਿੱਤੇ ਹੋਏ ਵਾਅਦਿਆਂ ਨੂੰ ਯਕੀਨੀ ਬਣਾਉਣ ਲਈ ਮੀਡੀਆ ਰੀਲੀਜ਼ ਵੀ ਜਾਰੀ ਕੀਤੀ ਸੀ।ਐਮ ਪੀ ਸੰਘਾ ਨੇਂ ਕਿਹਾ ਕਿ ਮਨਿਸਟਰ ਰਾਲਫ ਗੁਡੇਲ ਦੇ ਇਸ ਉਪਰਾਲੇ ਦੀ ਮੈਂ ਉਸੇ ਟਾਈਮ ਤੋਂ ਪੂਰੀ ਸ਼ਲਾਘਾ ਕਰਦਾਂ ਆ ਰਿਹਾਂ ਹਾਂ ਕਿਉਂਕਿ ਮਿਸਟਰ ਰਾਲਫ ਗੁਡੇਲ ਨੇਂ ਸੁਧਾਰ ਕਰਨ ਲਈ ਬਹੁਤ ਤਤਪਰਤਾ ਦਿਖਾਈ। ਮੈਂ ਆਪਣੀਂ ਸਿੱਖ ਕਮਿਉਨਿਟੀ ਦੇ ਸਨਮੁੱਖ ਹੁੰਦੇ ਹੋਏ ਮੀਡੀਆ ਰੀਲੀਜ਼ ਰਾਹੀਂ ਆਪਣੇ ਭਾਈਚਾਰੇ ਨੂੰ ਸਿੱਖ ਕਦਰਾਂ-ਕੀਮਤਾਂ ਦਾ ਪ੍ਰਗਟਾਵਾ ਕਰਦੇ ਹੋਏ ਵਧੀਆ ਕਨੇਡੀਅਨ ਬਣਨ ਲਈ ਅਰਜੋਈ ਕੀਤੀ ਸੀ ਜਿਸਦਾ ਮੈਨੂੰ ਮਾਣ ਹੈ ਕਿ ਬੜਾ ਭਰਵਾਂ ਹੁੰਗਾਰਾ ਮਿਲਿਆ। ਕਮਿਉਨਿਟੀ ਨੇਂ ਮਨਿਸਟਰ ਰਾਲਫ ਗੁਡੇਲ ਵਲੋਂ ਦਿੱਤੇ ਵਾਅਦੇ ਦਾ ਪੂਰਾ ਮਾਣ ਕੀਤਾ। ਐਮ ਪੀ ਰਮੇਸ਼ ਸੰਘਾ ਨੇ ਕਿਹਾ ਕਿ ਸਾਨੂੰ ਚਾਹੀਦਾ ਹੈ ਕਿ ਕੈਨੇਡਾ ਦੀਆਂ ਸਕਿਉਰਟੀ ਏਜੰਸੀਆਂ ਦੁਆਰਾ ਆਪਣੇ ਕੰਮ ਦੀ ਨਿਪੁਨੰਤਾ ਸਬੰਧੀ, ਸਿੱਖ ਕਮਿਉਨਿਟੀ ਨਹੀਂ ਚਾਹੇਗੀ ਕਿ ਉਹਨਾਂ ਉੱਪਰ ਕਿਸੇ ਦਾ ਅਯੋਗ ਦਬਾਅ ਪਾਇਆ ਜਾਵੇ ਅਤੇ ਉਹਨਾਂ ਨੂੰ ਆਪਣੇ ਤਰੀਕੇ ਨਾਲ ਨਿਰਪੱਖ ਕੰਮ ਕਰਨ ਲਈ ਪੂਰਾ ਵਕਤ ਦਿੱਤਾ ਜਾਵੇ।ਇਸ ਤਰਾਂ ਮੈਨੂੰ ਆਪਣੀ ਕਮਿਉਨਿਟੀ ਤੇ ਬਹੁਤ ਮਾਣ ਹੈ ਕਿ ਉਹ ਅਸਲੀਅਤ ਨੂੰ ਜਾਣਦੇ ਹੋਏ ਕਿਸੇ ਗਲਤ ਤਰੀਕੇ ਨਾਲ ਮੁੱਦੇ ਉਠਾਲਣ ਵਾਲਿਆਂ ਦੇ ਪਿੱਛੇ ਨਹੀਂ ਲੱਗੇ।ਮਨਿਸਟਰ ਰਾਲਫ ਦੇ ਫੈਂਸਲੇ ਦੀ ਪੁਸ਼ਟੀ ਕਰਦਿਆਂ ਸਿੱਖ ਕਦਰਾਂ-ਕੀਮਤਾਂ ਦਾ ਮਾਣ ਰੱਖਦੇ ਹੋਏ ਕੋਈ ਇਹੋ ਜਿਹੇ ਕਦਮ ਨਹੀਂ ਉਠਾਏ ਜਿਸ ਨਾਲ ਕਮਿਉਨਿਟੀ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਵੇ।ਐਮ ਪੀ ਸੰਘਾ ਨੇਂ ਅੱਗੇ ਕਿਹਾ ਕਿ ਸਾਡੀ ਸਿੱਖ ਕਮਿਉਨਿਟੀ ਨੇਂ ਸਿੱਖ ਕਦਰਾਂ ਕੀਮਤਾਂ ਦਾ ਪ੍ਰਗਟਾਵਾ ਕਰਦੇ ਹੋਏ ਇੱਕ ਵਧੀਆ ਕਨੇਡੀਅਨ ਹੋਣ ਦੀ ਉਦਾਹਰਣ ਕਾਇਮ ਕੀਤੀ।ਆਪਣੇਂ ਵੱਖਰੇ-ਵੱਖਰੇ ਵਿਚਾਰ ਪੇਸ਼ ਕੀਤੇ ਅਤੇ ਕੁੱਝ ਸੰਸਥਾਵਾਂ ਵਲੋਂ ਨਰਾਜਗੀ ਜਾਹਿਰ ਹੋਣ ਦੇ ਬਾਵਜੂਦ ਇਸ ਮੁੱਦੇ ਨੂੰ ਚੰਗੀ ਤਰ੍ਹਾਂ ਸਮਝਣ ਦੀ ਕੋਸ਼ਿਸ ਕੀਤੀ।ਉਹਨਾਂ ਨੇਂ ਇੱਕ ਵਧੀਆ ਸਿੱਖ ਹੋਣ ਦਾ ਪ੍ਰਗਟਾਵਾ ਕਰਦਿਆਂ ਕੈਨੇਡਾ ਦੀਆਂ ਖੁਫੀਆ ਅਤੇ ਸਕਿਉਰਟੀ ਏਜੰਸੀਆ ਦੁਆਰਾ ਇੱਕ ਬਹੁਤ ਵਧੀਆ ਡਿਉਟੀਆਂ ਅਤੇ ਜਿੰਮੇਵਾਰੀਆਂ, ਨਿਪੁੰਨਤਾ ਨਾਲ ਨਿਭਾਉਣ ਸਬੰਧੀ ਉਹਨਾਂ ਦੇ ਕੰਮ ਉੱਤੇ ਯਕੀਨ ਕਰਨ ਦੇ ਨਾਲ-ਨਾਲ ਏਜੰਸੀਆਂ ਤੇ ਮਾਣ ਕੀਤਾ।ਸਿੱਖ ਕਮਿਉਨਿਟੀ ਨੇਂ ਏਜੰਸੀਆਂ ਨੂੰ ਨਿਰਪੱਖ ਤੌਰ ਤੇ ਕੰਮ ਕਰਨ ਲਈ ਛੱਡ ਕੇ ਕੋਈ ਦਬਾਅ ਨਹੀਂ ਪਾਇਆ। ਉਹਨਾਂ ਨੂੰ ਸਹੀ ਵਕਤ ਦਿੰਦੇ ਹੋਏ ਜਰੂਰਤ ਅਨੁਸਾਰ ਠੀਕ ਵਾਜਿਬ ਮੌਕਾ ਦਿੱਤਾ ਅਤੇ ਤਾਂ ਜੋ ਏਜੰਸੀਆਂ ਵਧੀਆ,ਨਿਰਪੱਖ ਅਤੇ ਸਪਸ਼ਟ ਫੈਂਸਲਾ ਕਰ ਸਕਣ। ਇਸ ਸੱਭ ਦੇ ਲਈ ਸਰਬੱਤ ਸਿੱਖ ਕਮਿਉਨਿਟੀ ਵਧਾਈ ਦੀ ਪਾਤਰ ਹੈ ਅਤੇ ਮੈਂ ਇਹ ਗੁਜਾਰਿਸ਼ ਕਰਦਾਂ ਹਾਂ ਕਿ ਅੱਗੇ ਤੋਂ ਵੀ ਸਿੱਖ ਕਦਰਾਂ-ਕੀਮਤਾਂ ਦੇ ਨਾਲ ਕਨੇਡੀਅਨ ਕਦਰਾਂ-ਕੀਮਤਾਂ ਦਾ ਸੁਮੇਲ ਕਰਦੇ ਰਹੋ ਤਾਂ ਜੋ ਸਿੱਖ ਕਮਿਉਨਿਟੀ ਹਮੇਸ਼ਾਂ ਚੜ੍ਹਦੀਆਂ ਕਲਾਂ ਵਿੱਚ ਰਹੇ।

# ਸ. ਜੀਵਨ ਸਿੰਘ ਜੀ ਦੀ ਯਾਦ ਵਿੱਚ ਸ਼ਰਧਾਂਜਲੀ ਸਮਾਗਮ 27 ਨੂੰ



ਸ੍ਰੀ ਗੁਰੂ ਰਵੀਦਾਸ ਸਭਾ ਬਰੈਂਪਟਨ ਵੱਲੋਂ ਐਤਵਾਰ 27 ਜਨਵਰੀ ਸਵੇਰੇ 10 ਵਜੇ ਤੋਂ 12:30 ਤੱਕ ਸਵਰਗਵਾਸੀ ਸਰਦਾਰ ਜੀਵਨ ਸਿੰਘ ਜੀ ਦੀ ਯਾਦ ਵਿੱਚ, ਰਾਮਗੜ੍ਹੀਆ ਸਿੱਖ ਸੁਸਾਇਟੀ ਟੋਰੰਟੋ, 140 ਰੀਵਾਲਡਾ ਰੋਡ ਨਾਰਥ ਯਾਰਕ ਉਂਟੇਰੀਉ ਵਿਖੇ ਸ਼ਰਧਾਂਜਲੀ ਸਮਾਗਮ ਕਰਵਾਇਆ ਜਾ ਰਿਹਾ ਹੈ। ਹੋਰ ਜਾਣਕਾਰੀ ਲਈ 647 701 5273 ਫੋਨ ਤੇ ਮਨਜੀਤ ਸਿੰਘ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬ ਦੀਆਂ ਚਾਰ ਏਜੰਸੀਆਂ ਅਨਾਜ ਖਰੀਦ ਨਹੀਂ ਕਰਨਗੀਆਂ

ਚੰਡੀਗੜ੍ਹ, 23 ਜਨਵਰੀ (ਪੋਸਟ ਬਿਊਰੋ)- ਪੰਜਾਬ ਵਿੱਚ ਹਰ ਸਾਲ ਤਿੰਨ ਕਰੋੜ ਟਨ ਕਣਕ ਤੇ ਝੋਨਾ ਖਰੀਦਣ ਵਾਲੀਆਂ ਪੰਜ ਵਿੱਚੋਂ ਚਾਰ ਏਜੰਸੀਆਂ ਅੱਗੇ ਤੋਂ ਇਹ ਖਰੀਦ ਨਹੀਂ ਕਰਨਗੀਆਂ। ਇਸ ਫੈਸਲੇ ਦੇ ਪਹਿਲੇ ਗੇੜ ਵਿੱਚ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਨੂੰ ਹਟਾ ਦਿੱਤਾ ਗਿਆ ਹੈ ਅਤੇ ਇਹ ਅਪ੍ਰੈਲ ਵਿੱਚ ਹੋਣ ਵਾਲੀ ਕਣਕ ਦੀ ਖਰੀਦ ਤੋਂ ਬਾਹਰ ਰਹੇਗੀ। ਇਸ ਦੇ ਬਾਅਦ ਹੌਲੀ ਹੌਲੀ ਬਾਕੀ ਤਿੰਨ ਏਜੰਸੀਆਂ ਮਾਰਕਫੈਡ, ਵੇਅਰਹਾਊਸਿੰਗ ਕਾਰਪੋਰੇਸ਼ਨ ਅਤੇ ਪਨਸਪ ਨੂੰ ਇਸ ਤੋਂ ਹਟਾਇਆ ਜਾਏਗਾ ਅਤੇ ਸਾਰਾ ਕੰਮ ਕੇਵਲ ਪਨਗ੍ਰੇਨ ਦੇ ਕੋਲ ਰਹੇਗਾ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੀਆਂ ਚਾਰ ਖਰੀਦ ਏਜੰਸੀਆਂ ਨੂੰ ਖਰੀਦ ਦੇ ਕੰਮ ਤੋਂ ਕੱਢਣ ਦੇ ਪਿੱਛੇ ਦਲੀਲ ਦਿੱਤੀ ਹੈ ਕਿ ਇਨ੍ਹਾਂ ਚਾਰ ਏਜੰਸੀਆਂ ਦਾ ਧਿਆਨ ਇਨ੍ਹਾਂ ਦੇ ਮੁੱਖ ਕੰਮ 'ਤੇ ਕੇਂਦਰਿਤ ਕਰਨਾ ਹੈ, ਜੋ ਖੇਤੀ ਆਧਾਰਤ ਉਤਪਾਦਾਂ ਅਤੇ ਕੋਆਪਰੇਟਿਵ ਲਹਿਰ ਨੂੰ ਉਤਸ਼ਾਹ ਦੇਣ ਨਾਲ ਸੰਬੰਧਤ ਹੈ। ਮੁੱਖ ਮੰਤਰੀ ਇਥੇ ਰਬੀ ਦੇ ਸੀਜਨ ਦੀਆਂ ਤਿਆਰੀਆਂ ਦਾ ਜਾਇਜ਼ਾ ਲੈ ਰਹੇ ਸਨ। ਅਨਾਜ ਦੀ ਖਰੀਦ ਤੋਂ ਭਾਰਤੀ ਖੁਰਾਕ ਨਿਗਮ (ਐੱਫ ਸੀ ਆਈ) ਆਪਣੇ ਪੈਰ ਲਗਾਤਾਰ ਪਿੱਛੇ ਖਿੱਚ ਰਹੀ ਹੈ। ਇਸ 'ਤੇ ਚਿੰਤਾ ਜ਼ਾਹਰ ਕਰਦੇ ਹੋਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਹ ਮਾਮਲਾ ਕੇਂਦਰ ਕੋਲ ਉਠਾਉਣ ਦਾ ਫੈਸਲਾ ਕੀਤਾ ਹੈ। ਉਨ੍ਹਾ ਕਿਹਾ ਕਿ ਉਹ ਪੰਜਾਬ ਵਿੱਚ ਅਨਾਜ ਖਰੀਦ ਲਈ ਐੱਫ ਸੀ ਆਈ ਦਾ ਹਿੱਸਾ ਵਧਾਉਣ ਵਾਸਤੇ ਕੇਂਦਰੀ ਖੁਰਾਕ ਮੰਤਰੀ ਨੂੰ ਕਹਿਣਗੇ। ਐੱਫ ਸੀ ਆਈ ਪਿਛਲੇ 19 ਸਾਲਾਂ ਤੋਂ ਸੀਜਨ ਦੇ ਸ਼ੁਰੂ ਵਿੱਚ ਖਰੀਦ ਦਾ ਫੈਸਲਾ ਹੋਣ ਦੇ ਬਾਵਜੂਦ ਆਖਰੀ ਸਮੇਂ ਖਰੀਦ ਤੋਂ ਪਿੱਛੇ ਹਟ ਜਾਂਦੀ ਰਹੀ ਹੈ।

# ਫੇਸਬੁਕ ਦਾ ਐੱਲ ਓ ਐੱਲ ਅਗਲੇ ਸਮੇਂ ਵਿੱਚ ਇੰਸਟਾਗ੍ਰਾਮ ਨਾਲ ਟੱਕਰ ਲਵੇਗਾ

ਨਵੀਂ ਦਿੱਲੀ, 23 ਜਨਵਰੀ (ਪੋਸਟ ਬਿਊਰੋ)- ਸਨੈਪਚੈਟ, ਇੰਸਟਾਗ੍ਰਾਮ ਅਤੇ ਟਿਕਟਾਕ ਵਰਗੇ ਕਈ ਸੋਸ਼ਲ ਮੀਡੀਆ ਪਲੇਟਫਾਰਮਜ਼ ਨੇ ਅੱਜ ਕੱਲ੍ਹ ਫੇਸਬੁਕ ਦੀ ਨੀਂਦ ਉਡਾ ਰੱਖੀ ਹੈ। ਨੌਜਵਾਨਾਂ 'ਚ ਇਨ੍ਹਾਂ ਦੀ ਵਧਦੀ ਲੋਕਪ੍ਰਿਅਤਾ ਨੂੰ ਦੇਖ ਕੇ ਫੇਸਬੁਕ ਵੀ ਸੁਚੇਤ ਹੋ ਗਿਆ ਅਤੇ ਉਨ੍ਹਾਂ ਨੂੰ ਖਿੱਚਣ ਲਈ ਨਵੇਂ ਨਿਊਜ਼ ਫੀਡ ਐੱਲ ਓ ਐੱਲ ਉੱਤੇ ਕੰਮ ਕਰ ਰਿਹਾ ਹੈ। ਮੂਲ ਰੂਪ ਵਿੱਚ ਇਥੇ ਮੀਮ, ਜੀ ਆਈ ਐੱਫ ਅਤੇ ਮਜ਼ਾਕ ਵਾਲੇ ਛੋਟੇ ਵੀਡੀਓ ਸ਼ੇਅਰ ਕੀਤੇ ਜਾਣਗੇ।

ਵਰਨਣ ਯੋਗ ਹੈ ਕਿ ਐੱਲ ਓ ਐੱਲ ਦਾ ਮਤਲਬ 'ਲਾਫਿੰਗ ਆਊਟ ਲਾਊਡ' ਹੁੰਦਾ ਹੈ ਅਤੇ ਲੱਗਦਾ ਹੈ ਕਿ ਅੱਗੇ ਤੋਂ ਫੇਸਬੁਕ ਆਪਣੇ ਯੂਜ਼ਰਜ਼ ਨੂੰ ਖੁੱਲ੍ਹ ਕੇ ਹੱਸਣ ਲਈ ਮਜਬੂਰ ਕਰੇਗਾ। ਇਸ ਲਈ ਚੁੱਪ ਚੁਪੀਤੇ ਤਿਆਰੀ ਸ਼ੁਰੂ ਹੋ ਚੁੱਕੀ ਹੈ। ਪਿਛਲੇ ਕੁਝ ਸਾਲਾਂ ਵਿੱਚ ਸਨੈਪਚੈਟ, ਇੰਸਟਾਗ੍ਰਾਮ ਅਤੇ ਟਿਕਟ-ਾਕ ਵਰਗੇ ਸੋਸ਼ਲ ਮੀਡੀਆ ਪਲੇਟਫਾਰਮ ਨੇ ਨੌਜਵਾਨਾਂ ਨੂੰ ਕਾਫੀ ਖਿੱਚਿਆ ਹੈ। ਇਸ ਦਾ ਮੁੱਖ ਕਾਰਨ ਇਨ੍ਹਾਂ ਪਲੇਟਫਾਰਮਜ਼ 'ਚ ਨੌਜਵਾਨਾਂ ਦੀਆਂ ਇੱਛਾਵਾਂ ਨੂੰ ਜਾਣਦੇ ਹੋਏ ਕੰਮ ਕੀਤਾ ਗਿਆ ਹੈ। ਮਿਲੀ ਰਿਪੋਰਟ ਮੁਤਾਬਕ ਫੇਸਬੁਕ ਇਸ ਮੀਮ ਹੱਬ ਨੂੰ ਹੋਰ ਲੋਕਪ੍ਰਿਯ ਪਲੇਟਫਾਰਮਜ਼ ਤੋਂ ਵੱਧ ਬਿਹਤਰ ਬਣਾਉਣ ਦੀ ਕੋਸ਼ਿਸ਼ ਵਿੱਚ ਹੈ। ਹਾਲੇ ਐੱਲ ਓ ਐੱਲ ਫੀਡ ਦੀ ਅਮਰੀਕਾ ਵਿੱਚ ਕਰੀਬ ਸੌ ਹਾਈ ਸਕੂਲਜ਼ 'ਤੇ ਟੈਸਟਿੰਗ ਕੀਤੀ ਜਾ ਰਹੀ ਹੈ। ਐੱਲ ਓ ਐੱਲ ਨੂੰ ਫੇਸਬੁਕ ਵਾਚ ਦੀ ਥਾਂ ਲਿਆਂਦਾ ਜਾ ਸਕਦਾ ਹੈ।

# ਹਾਈ ਕੋਰਟ ਵੱਲੋਂ ਪੰਜਾਬ ਦੇ ਸਿੱਖਿਆ ਸੈਕਟਰੀ ਅਤੇ ਡੀ ਜੀ ਐਸ ਈ ਨੂੰ ਮਾਣਹਾਨੀ ਨੋਟਿਸ

ਚੰਡੀਗੜ੍ਹ, 23 ਜਨਵਰੀ (ਪੋਸਟ ਬਿਊਰੋ)- ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਐਸ ਸੀ, ਐਸ ਟੀ, ਬੀ ਪੀ ਐਲ ਵਿਦਿਆਰਥੀਆਂ ਨੂੰ ਸਰਦੀਆਂ ਦੀ ਵਰਦੀ ਨਾ ਦੇਣ ਉੱਤੇ ਪੰਜਾਬ ਹਰਿਆਣਾ ਹਾਈ ਕੋਰਟ ਨੇ ਰਾਜ ਦੇ ਸਿੱਖਿਆ ਸੈਕਟਰੀ ਅਤੇ ਡੀ ਜੀ ਐਸ ਈ ਨੂੰ ਮਾਣਹਾਨੀ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾ ਦਸੰਬਰ ਵਿੱਚ ਹਾਈ ਕੋਰਟ ਨੇ ਸਰਦੀਆਂ ਸ਼ੁਰੂ ਹੋਣ ਦੇ ਬਾਵਜੂਦ ਵਰਦੀ ਨਾ ਦੇਣ ਬਾਰੇ ਦਾਖਲ ਜਨਹਿੱਤ ਪਟੀਸ਼ਨ ਦਾ ਨਿਪਟਾਰਾ ਕਰਦੇ ਹੋਏ ਪੰਜਾਬ ਸਰਕਾਰ ਨੂੰ ਦੋ ਹਫਤਿਆਂ ਅੰਦਰ ਵਰਦੀਆਂ ਦੇਣ ਦੇ ਹੁਕਮ ਦਿੱਤੇ ਸਨ। ਹੁਕਮ ਦਾ ਪਾਲਣ ਨਾ ਹੋਣ ਉੱਤੇ ਇਹ ਮਾਣਹਾਨੀ ਪਟੀਸ਼ਨ ਦਾਖਲ ਕਰਦੇ ਹੋਏ ਐਡਵੋਕੇਟ ਐਚ ਸੀ ਅਰੋੜਾ ਨੇ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਐਸ ਸੀ, ਐਸ ਟੀ, ਬੀ ਪੀ ਐਲ ਸ਼੍ਰੇਣੀ ਦੇ ਵਿਦਿਆਰਥੀਆਂ ਨੂੰ ਮੁਫਤ ਵਰਦੀ ਦਾ ਨਿਯਮ ਹੈ। ਇਸ ਲਈ ਉਨ੍ਹਾਂ ਦੇ ਖਾਤੇ ਵਿੱਚ 600 ਰੁਪਏ ਪਾਉਣ ਦੀ ਵਿਵਸਥਾ ਹੈ।

# ਘਰ ਵਿੱਚੋਂ 17 ਲੱਖ ਚੋਰੀ ਕਰਨ ਵਾਲੀ ਨੂੰਹ ਦਾ ਪ੍ਰੇਮੀ ਗ੍ਰਿਫਤਾਰ, ਚਾਰ ਲੱਖ ਨਕਦ ਤੇ ਗਹਿਣੇ ਬਰਾਮਦ

ਫਿਲੌਰ, 23 ਜਨਵਰੀ (ਪੋਸਟ ਬਿਊਰੋ)- ਬੁਆਏ ਫਰੈਂਡ ਨਾਲ ਮਿਲ ਕੇ ਪਤੀ ਦੇ ਘਰੋਂ 17 ਲੱਖ ਰੁਪਏ ਅਤੇ 25 ਤੋਲੇ ਸੋਨਾ ਚੋਰੀ ਕਰਨ ਵਾਲੀ ਰਿੰਪਲ ਦੇ ਪ੍ਰੇਮੀ ਲਖਬੀਰ ਸਿੰਘ ਨੂੰ ਵੀ ਪੁਲਸ ਨੇ ਫੜ ਲਿਆ ਹੈ। ਦੋਵਾਂ ਤੋਂ 4.50 ਲੱਖ ਰੁਪਏ ਅਤੇ 20 ਤੋਲੇ ਸੋਨੇ ਦੇ ਗਹਿਣੇ ਮਿਲ ਗਏ ਹਨ। ਫਰੀਦਕੋਟ ਦੇ ਵਾਸੀ ਲਖਬੀਰ ਸਿੰਘ ਪੁੱਤਰ ਗੁਰਤੇਜ ਸਿੰਘ ਨੇ ਦੱਸਿਆ ਕਿ ਬਾਕੀ ਰੁਪਏ ਨਾਲ ਉਸ ਨੇ ਕਰਜ਼ਾ ਉਤਾਰ ਦਿੱਤਾ ਅਤੇ ਪੰਜ ਤੋਲੇ ਸੋਨਾ ਆਪਣੀ ਭੈਣ ਨੂੰ ਦਿੱਤਾ ਹੈ।

ਡੀ ਐੱਸ ਪੀ ਅਮਰੀਕ ਸਿੰਘ ਚਾਹਲ ਨੇ ਦੱਸਿਆ ਕਿ 20 ਜਨਵਰੀ ਨੂੰ ਫਿਲੌਰ ਦੇ ਮੇਨ ਬਾਜ਼ਾਰ ਦੇ ਵਾਸੀ ਹੋਲਸੇਲ ਵਪਾਰੀ ਇੰਦਰਜੀਤ ਸ਼ਰਮਾ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਸੀ। ਇਸ ਜਾਂਚ ਦੌਰਾਨ ਉਸ ਦੀ ਪਤਨੀ ਰਿੰਪਲ ਨੇ ਦੱਸਿਆ ਕਿ ਦੋ ਸਾਲ ਪਹਿਲਾਂ ਪਿਤਾ ਦੀ ਮੌਤ ਦੇ ਬਾਅਦ ਘਰ ਦਾ ਗੁਜ਼ਾਰਾ ਮੁਸ਼ਕਲ ਨਾਲ ਚੱਲ ਰਿਹਾ ਸੀ। ਚਾਰ ਮਹੀਨੇ ਪਹਿਲਾਂ ਉਸ ਦਾ ਵਿਆਹ ਰਾਕੇਸ਼ ਸ਼ਰਮਾ ਨਾਲ ਹੋ ਗਿਆ। ਉਹ ਸਿੱਧਾ ਇਨਸਾਨ ਹੈ ਤੇ ਉਸ ਨੂੰ ਇੰਨੀ ਸਮਝ ਨਹੀਂ ਕਿ ਉਹ ਉਸ ਦੀ ਪਤਨੀ ਹੈ। ਇਸ ਕਾਰਨ ਉਹ ਵਿਆਹ ਦੇ ਕੁਝ ਦਿਨ ਬਾਅਦ ਆਪਣੇ ਫੇਸਬੁੱਕ ਫ੍ਰੈਂਡ ਲਖਬੀਰ ਨੂੰ ਮਿਲੀ। ਡੀ ਐੱਸ ਪੀ ਚਾਹਲ ਦੇ ਮੁਤਾਬਕ ਰਿੰਪਲ ਨੇ ਦੱਸਿਆ ਕਿ ਚਾਰ ਦਿਨ ਬਾਅਦ ਉਸ ਨੇ ਸਹੁਰੇ ਘਰ ਤੋਂ ਆਪਣੇ ਫੇਸਬੁਕ ਫਰੈਂਡ ਦੇ ਨਾਲ ਭੱਜ ਕੇ ਕਿਸੇ ਦੂਸਰੇ ਸ਼ਹਿਰ ਵਿੱਚ ਜਾ ਕੇ ਵਿਆਹ ਕਰਨਾ ਸੀ, ਪਰ ਸਹੁਰੇ ਨੇ ਚੋਰੀ ਦੀ ਸ਼ਿਕਾਇਤ ਕਰ ਦਿੱਤੀ ਤਾਂ ਪੁਲਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਰਿੰਪਲ ਤੇ ਲਖਬੀਰ ਨੂੰ ਅਦਾਲਤ ਵਿੱਚ ਪੇਸ਼ ਕਰ ਕੇ ਇੱਕ ਦਿਨਾ ਰਿਮਾਂਡ 'ਤੇ ਲਿਆ ਗਿਆ ਹੈ। ਇਨ੍ਹਾਂ ਤੋਂ ਪੁੱਛਗਿੱਛ ਕਰ ਕੇ ਉਨ੍ਹਾਂ ਲੋਕਾਂ ਨੂੰ ਫੜਿਆ ਜਾਏਗਾ, ਜਿਨ੍ਹਾਂ ਨੂੰ ਇਨ੍ਹਾਂ ਨੇ ਚੋਰੀ ਦੇ ਰੁਪਏ ਅਤੇ ਗਹਿਣੇ ਦਿੱਤੇ ਹਨ। ਉਨ੍ਹਾਂ ਨੇ ਕਿਹਾ ਕਿ ਲਖਬੀਰ ਦਾ ਕਹਿਣਾ ਹੈ ਕਿ ਚੋਰੀ ਕੀਤੇ ਕੈਸ਼ ਅਤੇ ਗਹਿਣਿਆਂ ਨਾਲ ਉਨ੍ਹਾਂ ਨੇ ਅਮੀਰੀ ਦੀ ਜ਼ਿੰਦਗੀ ਜਿਊਣ ਦੇ ਸੁਫਨੇ ਦੇਖੇ ਸਨ।

Real Estate Exam Prep

ਰਿਐਲਟਰ ਬਣਨ ਦਾ ਸੁਨਿਹਰੀ ਮੌਕਾ,
ਲੰਘ ਗਿਆ ਸਮਾਂ ਹੱਥ ਨਹੀਂ ਆਉਣਾ

The Rules are changing
For Real Estate Licence

It will become a Full Time College course soon!
To Avoid going to college for 2-3 Years, Join Now

Call: 647-625-7961

Pass each exam in just 2 weeks
- Easy to Understand Material
- Important Practice Questions
- Limited Summarized Material




2250 Bovaird Dr E, Unit#407, Medical Building
Behind RBC, Sunny Meadow/Bovaird



# ਸੰਪਾਦਕੀ

## ਓਸੈਪ ਬਾਰੇ ਬਾਵਰੋਲੇ ਦੀ ਗੱਲ ਕਰਦਿਆਂ

ਬੀਤੇ ਦਿਨੀਂ ਉਂਟੇਰੀਓ ਸਰਕਾਰ ਨੇ ਓਸੈਪ (OSAP) Bfv Ontario Student Assistance Program ਵਿੱਚ ਕੁੱਝ ਤਬਦੀਲੀਆਂ ਦਾ ਐਲਾਨ ਕੀਤਾ ਜਿਸ ਤੋਂ ਬਾਅਦ ਕਾਫੀ ਵਿਵਾਦ ਉੱਠਿਆ ਹੈ। ਇਹ ਗੱਲ ਮੰਨਣੀ ਪਵੇਗੀ ਕਿ ਪਿਛਲੀ ਲਿਬਰਲ ਸਰਕਾਰ ਵੱਲੋਂ ਅਨੇਕਾਂ ਅਜਿਹੇ ਖੁੱਲੇ ਗੱਫੇ ਵੰਡੇ ਗਏ ਸਨ ਜਿਸ ਨਾਲ ਘਾਟੇ ਦੇ ਬੱਜਟ ਵਿੱਚ ਲਾਮਿਸਾਲ ਵਾਧਾ ਹੋਇਆ। ਉਸਤੋਂ ਉਲਟ ਡੱਗ ਫੋਰਡ ਸਰਕਾਰ ਖਰਚਿਆਂ ਨੂੰ ਘੱਟ ਕਰਨ ਦੇ ਨਾਮ ਉੱਤੇ ਹੀ ਸੱਤਾ ਵਿੱਚ ਆਈ ਸੀ। ਸੋ ਇਸ ਸਿੱਕੇ ਦੋ ਪਾਸੇ ਹਨ - ਇੱਕ ਜੋ ਬਿਨਾ ਰੋਕ ਟੋਕ ਟੈਕਸ ਡਾਲਰਾਂ ਨੂੰ ਖਰਚਣ ਵਿੱਚ ਯਕੀਨ ਕਰਦਾ ਹੈ ਬੇਸ਼ੱਕ ਆਮਦਨ ਹੋਵੇ ਜਾਂ ਨਾ। ਦੂਜਾ ਹੈ ਜੋ ਇਹਨਾਂ ਖਰਚਿਆਂ ਨੂੰ ਰੋਕਣ ਦੇ ਨਾਮ ਉੱਤੇ ਕੱਟ ਲਾਉਂਦਾ ਹੈ। ਆਮ ਆਦਮੀ ਅਜਿਹੇ ਨਿਜ਼ਾਮਾਂ ਦੇ ਫੈਸਲਿਆਂ ਦੀ ਚੱਕੀ ਵਿੱਚ ਦਰੜਿਆ ਜੀਵਨ ਬਿਤਾਉਂਦਾ ਹੈ।

ਵੇਖਦੇ ਹਾਂ ਕਿ ਮੋਟੇ ਰੂਪ ਵਿੱਚ ਨਵੀਂਆਂ ਅਤੇ ਪੁਰਾਣੀਆਂ ਤਬਦੀਲੀਆਂ ਕੀ ਹੋਈਆਂ ਸਨ। ਪਿਛਲੀ ਸਰਕਾਰ ਨੇ ਸਾਲ 2017 - 18 ਲਈ 50 ਹਜ਼ਾਰ ਡਾਲਰ ਤੱਕ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਦੇ ਫੁੱਲ ਟਾਈਮ ਪੋਸਟ ਸੈਕੰਡਰੀ ਵਿੱਦਿਆ ਹਾਸਲ ਕਰਨ ਵਾਲੇ ਵਿੱਦਿਆਰਥੀਆਂ ਦੀ ਪੂਰੀ ਟਿਊਸ਼ਨ ਫੀਸ ਮੁਆਫ ਕਰ ਦਿੱਤੀ ਸੀ। ਫੀਸ ਮੁਆਫੀ ਕਿਸੇ ਹੱਦ ਤੱਕ 1 ਲੱਖ 70 ਹਜ਼ਾਰ ਡਾਲਰ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਦੇ ਬੱਚਿਆਂ ਨੂੰ ਮਿਲਦੀ ਸੀ। ਹੁਣ ਸਰਕਾਰ ਨੇ ਇਹ ਸੀਮਾ ਘੱਟ ਕਰਕੇ 1 ਲੱਖ 40 ਹਜ਼ਾਰ ਡਾਲਰ ਕਰ ਦਿੱਤੀ ਹੈ। 50 ਹਜ਼ਾਰ ਡਾਲਰ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਦੇ ਬੱਚੇ ਨਵੇਂ ਐਲਾਨ ਤੋਂ ਬਾਅਦ ਟਿਊਸ਼ਨ ਦਾ 87% ਬਿਲਕੁਲ ਮੁਆਫੀ ਦੇ ਹੱਕਦਾਰ ਹੋਣਗੇ ਜਦੋਂ ਕਿ ਮਾਮੂਲੀ ਹਿੱਸਾ (13%) ਲੋਨ ਵਿੱਚ ਤਬਦੀਲ ਹੋ ਜਾਵੇਗਾ। ਪੁਰਾਣੇ ਸਿਸਟਮ ਵਿੱਚ 50 ਹਜ਼ਾਰ ਡਾਲਰ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਦੇ ਬੱਚਿਆਂ ਦੀ ਪੜਾਈ ਦੇ ਖਰਚਿਆਂ ਦਾ 76% ਤੱਕ ਓਸੈਪ ਵੱਲੋਂ ਕਵਰ ਕੀਤਾ ਜਾਂਦਾ ਸੀ ਪਰ ਨਵੇਂ ਸਿਸਟਮ ਵਿੱਚ ਇਹ 82% ਹੋ ਜਾਵੇਗਾ।

ਮੋਟਾ ਅਸੂਲ ਇਹ ਹੈ ਕਿ ਨਵਾਂ ਸਿਸਟਮ ਉਵੇਂ ਹੋ ਜਾਵੇਗਾ ਜਿਵੇਂ ਕੈਥਲਿਨ ਵਿੱਨ ਦੇ 2017 ਦੇ ਐਲਾਨ ਤੋਂ ਪਹਿਲਾਂ ਸੀ। ਜੋ ਭੁਲੇਖਾ ਪਾਇਆ ਜਾ ਰਿਹਾ ਹੈ ਕਿ ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਪੜਨਾ ਔਖਾ ਹੋ ਜਾਵੇਗਾ, ਉਹ ਸ਼ਾਇਦ ਸਹੀ ਨਹੀਂ ਹੈ ਕਿਉਂਕਿ ਉਂਟੇਰੀਓ ਵਿੱਚ ਓਸੈਪ ਦੁਆਰਾ ਮੁੱਢ ਤੋਂ ਹੀ ਕਾਲਜ ਜਾਂ ਯੂਨੀਵਰਸਿਟੀ ਦੀ ਫੀਸ ਜੋਗੀ ਇਮਦਾਦ ਓਸੈਪ ਤੋਂ ਮਿਲਦੀ ਰਹੀ ਹੈ ਅਤੇ ਮਿਲਦੀ ਰਹੇਗੀ।

ਨਵੇਂ ਐਲਾਨ ਵਿੱਚ 10% ਟਿਊਸ਼ਨ ਫੀਸ ਘੱਟ ਕੀਤੇ ਜਾਣ ਦਾ ਅਰਥ ਹੈ ਕਿ ਸਾਰੇ ਵਿੱਦਿਆਰਥਆਂ ਉੱਤੇ ਪੜਾਈ ਦਾ ਕਰਜ਼ ਘੱਟ ਹੋਵੇਗਾ। ਬਹੁਤ ਲੋਕ ਨਹੀਂ ਜਾਣਦੇ ਕਿ ਕਾਲਜਾਂ ਯੂਨੀਵਰਸਿਟੀਆਂ ਵਿੱਚ ਫੀਸ ਅਤੇ ਟਿਊਸ਼ਨ ਫੀਸ ਵਿੱਚ ਫਰਕ ਹੁੰਦਾ ਹੈ। ਨਵੇਂ ਐਲਾਨ ਨਾਲ ਕਾਲਜਾਂ ਯੂਨੀਵਰਸਿਟੀਆਂ ਲਈ ਇਹ ਲਾਜ਼ਮੀ ਹੋ ਗਿਆ ਹੈ ਕਿ ਉਹ ਫੀਸ (ਟਿਊਸ਼ਨ ਫੀਸ ਨਹੀਂ) ਦੇ ਵੱਖ 2 ਹਿੱਸਿਆਂ ਦੀ ਤਫਸੀਲ ਵੈੱਬਸਾਈਟ ਉੱਤੇ ਛਾਪਣ ਅਤੇ ਵਿੱਦਿਆਰਥੀਆਂ ਨੂੰ ਖੁੱਲ ਦੇਣ ਕਿ ਉਹ ਕਿਸ ਚੀਜ਼ ਲਈ ਫੀਸ ਭਰਨੀ ਚਾਹੁੰਦੇ ਹਨ ਅਤੇ ਕਿਸ ਲਈ ਨਹੀਂ। ਮਿਸਾਲ ਵਜੋਂ ਜੇ ਕੋਈ ਵਿੱਦਿਆਰਥੀ ਚਾਹੇਗਾ ਕਿ ਉਸਨੇ ਕਾਲਜ ਜਾਂ ਯੂਨੀਵਰਸਿਟੀ ਵੱਲੋਂ ਵਿੱਦਿਆਰਥੀਆਂ ਦੀ ਫੀਸ ਨਾਲ ਚਾਲਏ ਜਾ ਰਹੇ ਮੈਗਜ਼ੀਨ ਲਈ ਅਦਾਇਗੀ ਨਹੀਂ ਕਰਨੀ ਹੈ ਤਾਂ ਉਹ ਇਸ ਆਪਸ਼ਨ ਨੂੰ ਚੁਣ ਸਕੇਗਾ। ਸੋ ਵਿੱਦਿਆਰਥੀਆਂ ਨੂੰ ਉਹਨਾਂ ਸੇਵਾਵਾਂ ਲਈ ਪੈਸੇ ਨਹੀਂ ਭਰਨੇ ਪੈਣਗੇ ਜਿਹਨਾਂ ਦੀ ਉਹ ਵਰਤੋਂ ਨਹੀਂ ਕਰਦੇ ਜਾਂ ਜੋ ਸੇਵਾਵਾਂ ਉਹਨਾਂ ਨੂੰ ਪਸੰਦ ਨਹੀਂ ਹਨ।

ਉਂਟੇਰੀਓ ਦੀ ਆਡੀਟਰ ਜਨਰਲ ਨੇ ਪਿਛਲੇ ਮਹੀਨੇ ਪੁਰਾਣੇ ਓਸੈਪ ਬਾਰੇ ਰਿਪੋਰਟ ਜਾਰੀ ਕੀਤੀ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਲਿਬਰਲ ਸਰਕਾਰ ਦੇ ਫੈਸਲੇ ਨਾਲ 650 ਮਿਲੀਅਨ ਡਾਲਰ ਦਾ ਅਤੀਕਿਰਤ ਖਰਚਾ ਹੋਇਆ ਪਰ ਅਜਿਹੇ ਸਬੂਤ ਨਹੀਂ ਮਿਲ ਰਹੇ ਕਿ ਇਸ ਨਾਲ ਵਧੇਰੇ ਵਿੱਦਿਆਰਥੀਆਂ ਨੂੰ ਕਾਲਜਾਂ/ਯੂਨੀਵਰਸਿਟੀਆਂ ਵਿੱਚ ਦਾਖਲ ਹੋਣ ਵਿੱਚ ਮਦਦ ਮਿਲੀ ਹੋਵੇ। ਕਾਰਣ ਇਹ ਕਿ ਨਵੇਂ ਸਿਸਟਮ ਦਾ ਲਾਭ ਜ਼ਿਆਦਾਤਰ ਉਹਨਾਂ ਵਿੱਦਿਆਰਥੀਆਂ ਨੇ ਲਿਆ ਜੋ ਪਹਿਲਾਂ ਹੀ ਕਾਲਜਾਂ/ਯੂਨੀਵਰਸਿਟੀਆਂ ਵਿੱਚ ਪੜਦੇ ਸਨ। ਆਡੀਟਰ ਜਨਰਲ ਮੁਤਾਬਕ ਪੁਰਾਣੇ ਸਿਸਟਮ ਨਾਲ ਅਗਲੇ ਦੋ ਸਾਲ ਵਿੱਚ 2 ਬਿਲੀਅਨ ਡਾਲਰ ਦਾ ਬੋਝ ਵੱਧ ਜਾਣਾ ਸੀ।

ਵਿੱਦਿਆ ਮਾਹਰਾਂ ਦਾ ਇਹ ਵੀ ਖਿਆਲ ਹੈ ਕਿ ਜੇ ਵਿੱਦਿਆਰਥੀਆਂ ਦੀ ਪੂਰੀ ਫੀਸ ਮੁਆਫ ਕਰ ਦਿੱਤੀ ਜਾਂਦੀ ਹੈ ਤਾਂ ਉਹ ਭੱਵਿਖ ਲਈ ਜ਼ੁੰਮੇਵਾਰ ਸ਼ਹਿਰੀਆਂ ਵਜੋਂ ਵਿਕਸਿਤ ਨਹੀਂ ਹੁੰਦੇ। ਥੋੜੀ ਬਹੁਤੀ ਫੀਸ ਦਾ ਲੋਨ ਉਹਨਾਂ ਦੇ ਵਿਅਕਤੀਗਤ ਅਤੇ ਪ੍ਰੋਫੈਸ਼ਨਲ ਵਿਕਾਸ ਲਈ ਚੰਗਾ ਹੁੰਦਾ ਹੈ। ਮੁਫਤ ਫੀਸਾਂ ਦੇ ਸਹਾਰੇ ਬਹੁਤ ਵਿੱਦਿਆਰਥੀ ਲੋੜੋਂ ਵੱਧ ਸਮਾਂ ਕਾਲਜਾਂ/ਯੂਨੀਵਰਸਿਟੀਆਂ ਵਿੱਚ ਇੱਕ ਤੋਂ ਬਾਅਦ ਦੂਜੇ ਕੋਰਸ ਬਦਲਣ ਵਿੱਚ ਗੁਆ ਦੇਂਦੇ ਹਨ। ਇਸ ਨਾਲ ਵਿੱਦਿਆਰਥੀ ਵੱਧ ਸਮਾਂ ਮਾਪਿਆਂ ਉੱਤੇ ਬੋਝ ਬਣੇ ਰਹਿੰਦੇ ਹਨ, ਆਪਣੇ ਜੀਵਨ ਦੇ ਕੀਮਤੀ ਸਾਲ ਖਰਾਬ ਕਰਦੇ ਹਨ ਅਤੇ ਸਮਾਜ ਉੱਤੇ ਆਰਥਕ ਬੋਝ ਬਣਦੇ ਹਨ। ਇੱਕ ਸਿਹਤਮੰਦ ਸਮਾਜ ਦੀ ਉਸਾਰੀ ਵਿੱਚ ਜ਼ੁੰਮੇਵਾਰ ਕਿਰਦਾਰ ਵਾਲੇ ਨੌਜਵਾਨ ਲੜਕੇ ਲੜਕੀਆਂ ਦਾ ਵੱਡਾ ਰੋਲ ਹੁੰਦਾ ਹੈ। ਮੁਫ਼ਤ ਦੀਆਂ ਕਮਾਈਆਂ ਸਹਾਰੇ ਵੱਡੇ ਹੋਏ ਨੌਜਵਾਨਾਂ ਕੋਲੋਂ ਅਜਿਹੇ ਰੋਲ ਦੀ ਆਸ ਘੱਟ ਹੀ ਕੀਤੀ ਜਾ ਸਕਦੀ ਹੈ।

## ਨੰਗਾ ਕਰਕੇ ਕੁੱਟਣ ਦਾ ਵੀਡੀਓ ਵਾਇਰਲ ਹੋਣ ਤੋਂ ਦੁਖੀ ਨੌਜਵਾਨ ਵੱਲੋਂ ਖੁਦਕੁਸ਼ੀ

ਬੰਗਾ, 23 ਜਨਵਰੀ (ਪੋਸਟ ਬਿਊਰੋ)- ਬੰਗਾ ਬਲਾਕ ਦੇ ਪਿੰਡ ਦੋਸਾਂਝ ਖੁਰਦ ਵਿੱਚ ਬੀਤੇ 18 ਜਨਵਰੀ ਨੂੰ ਪਿੰਡ ਦੇ ਕੁਝ ਨੌਜਵਾਨਾਂ ਨੇ ਇਕ ਨੌਜਵਾਨ ਨਾਲ ਕੁੱਟਮਾਰ ਕੀਤੀ ਤੇ ਨੰਗਾ ਕਰਨ ਦਾ ਵੀਡੀਓ ਵਾਇਰਲ ਕਰ ਦਿੱਤਾ, ਜਿਸ ਤੋਂ ਦੁਖੀ ਹੋ ਕੇ ਉਸ ਨੇ ਜ਼ਹਿਰੀਲਾ ਪਦਾਰਥ ਖਾ ਲਿਆ ਸੀ ਅਤੇ ਕੱਲ੍ਹ ਉਸ ਦੀ ਮੌਤ ਹੋ ਗਈ। ਥਾਣਾ ਸਦਰ ਬੰਗਾ ਦੀ ਪੁਲਸ ਨੇ ਇਸ ਬਾਰੇ ਵਿੱਚ ਪੰਜ ਵਿਅਕਤੀਆਂ ਉੱਤੇ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।


ਮ੍ਰਿਤਕ ਨਵੀਨ ਦੇ ਪਿਤਾ ਰਾਜ ਕੁਮਾਰ ਨੇ ਥਾਣਾ ਸਦਰ ਪੁਲਸ ਨੂੰ ਦਿੱਤੇ ਬਿਆਨ ਵਿੱਚ ਕਿਹਾ ਕਿ ਉਹ ਪਿੰਡ ਵਿੱਚ ਬਣੇ ਵੇਅਰ ਹਾਊਸ ਵਿੱਚ ਕੰਮ ਕਰਦਾ ਹੈ ਤੇ ਉਸ ਦਾ ਬੇਟਾ ਅੱਪਰਾ ਵਿੱਚ ਨਿੱਜੀ ਬੈਂਕ ਵਿੱਚ ਨੌਕਰੀ ਕਰਦਾ ਸੀ। ਬੀਤੀ 18 ਜਨਵਰੀ ਨੂੰ ਉਸ ਦਾ ਬੇਟਾ ਸ਼ਰਾਬ ਦੇ ਨਸ਼ੇ ਵਿੱਚ ਗਲਤੀ ਨਾਲ ਪਿੰਡ ਦੋਸਾਂਝ ਖੁਰਦ ਦੇ ਬੂਟਾ ਰਾਮ ਨਾਮ ਵਿਅਕਤੀ ਦੇ ਘਰ ਚਲਾ ਗਿਆ ਸੀ, ਜਿਸ ਉਤੇ ਉਸ ਨੇ ਉਸ ਨੂੰ ਸਮਝਾ ਕੇ ਵਾਪਸ ਭੇਜ ਦਿੱਤਾ, ਪਰ ਜਦੋਂ ਉਹ ਥੋੜ੍ਹੀ ਦੂਰ ਆਇਆ ਤਾਂ ਪਿੰਡ ਦੇ ਕੁਝ ਨੌਜਵਾਨਾਂ ਨੇ ਘੇਰ ਕੇ ਕੁੱਟਮਾਰ ਕੀਤੀ ਸੀ। ਮ੍ਰਿਤਕ ਨੌਜਵਾਨ ਦੇ ਪਿਤਾ ਨੇ ਦੱਸਿਆ ਕਿ ਸਾਰੇ ਘਟਨਾਕ੍ਰਮ ਦੀ ਸੂਚਨਾ ਉਨ੍ਹਾਂ ਨੂੰ ਕਿਸੇ ਨੇ ਫੋਨ 'ਤੇ ਦਿੱਤੀ ਅਤੇ ਇਸ ਦੇ ਬਾਅਦ ਉਸ ਨੂੰ ਘਰ ਲੈ ਆਏ। ਫਿਰ 18 ਜਨਵਰੀ ਨੂੰ ਦੇਰ ਰਾਤ ਉਨ੍ਹਾਂ ਨੂੰ ਨਵੀਨ ਨੇ ਫੋਨ ਕਰਕੇ ਦੱਸਿਆ ਕਿ ਉਨ੍ਹਾਂ ਨੌਜਵਾਨਾਂ ਨੇ ਉਸ ਨਾਲ ਕੁੱਟਮਾਰ ਕੀਤੀ ਤੇ ਉਸ ਨੂੰ ਨੰਗਾ ਕਰਕੇ ਉਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਪਾਈ ਹੈ, ਜਿਸ ਤੋਂ ਦੁਖੀ ਹੋ ਕੇ ਉਸ ਨੇ ਜ਼ਹਿਰੀਲਾ ਪਦਾਰਥ ਪੀ ਲਿਆ ਹੈ। ਉਹ ਪਿੰਡ ਵਾਸੀਆਂ ਦੀ ਮਦਦ ਨਾਲ ਉਸ ਨੂੰ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾ ਕਲੇਰਾਂ ਵਿੱਚ ਲੈ ਗਏ, ਜਿੱਥੇ ਉਸ ਦੀ ਇਲਾਜ ਦੌਰਾਨ ਮੌਤ ਹੋ ਗਈ। ਪੁਲਸ ਨੇ ਮ੍ਰਿਤਕ ਦੇ ਪਿਤਾ ਰਾਜ ਕੁਮਾਰ ਦੇ ਬਿਆਨਾਂ ਉੱਤੇ ਪਿੰਡ ਦੇ ਪੰਜ ਨੌਜਵਾਨਾਂ, ਜਿਨ੍ਹਾਂ ਵਿੱਚੋਂ ਤਿੰਨ ਨੇ ਨਵੀਨ ਨਾਲ ਕੁੱਟਮਾਰ ਕੀਤੀ ਸੀ ਅਤੇ ਦੋ ਨੇ ਉਸ ਦੀ ਵੀਡੀਓ ਬਣਾਈ ਸੀ, ਦੇ ਖਿਲਾਫ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਥਾਣਾ ਸਦਰ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ।




## ਮੈਂਗ ਬਾਰੇ ਕੀਤੀ ਤਾਜ਼ਾ ਟਿੱਪਣੀ ਕਾਰਨ ਮੈਕੈਲਮ ਨੂੰ ਅਹੁਦੇ ਤੋਂ ਹਟਾ ਦੇਣਾ ਚਾਹੀਦਾ ਸੀ : ਸ਼ੀਅਰ

...ਪੰਨਾ 1 ਦਾ ਬਾਕੀ

ਜਿਸ ਵਿੱਚ ਉਨ੍ਹਾਂ ਆਖਿਆ ਸੀ ਕਿ ਚੀਨ ਉੱਤੇ ਦਬਾਅ ਵਧਾਉਣ ਵਾਸਤੇ ਉਹ ਆਪ ਇਸ ਹਵਾਲਗੀ ਮਾਮਲੇ ਵਿੱਚ ਦਖਲ ਦੇ ਸਕਦੇ ਹਨ।
ਅਜਿਹੀਆਂ ਟਿੱਪਣੀਆਂ ਕਾਰਨ ਟਰੰਪ ਨੂੰ ਵੀ ਨੁਕਤਾਚੀਨੀ ਦਾ ਸਾਹਮਣਾ ਕਰਨਾ ਪਿਆ। ਇਸ ਉੱਤੇ ਕੈਨੇਡੀਅਨ ਅਧਿਕਾਰੀਆਂ ਨੇ ਇਹ ਆਖਿਆ ਸੀ ਕਿ ਮੈਂਗ ਦੀ ਗ੍ਰਿਫਤਾਰੀ ਨਾਲ ਸਿਆ-ਸਤ ਦਾ ਕੋਈ ਲੈਣਾ ਦੇਣਾ ਨਹੀਂ ਹੈ। ਸ਼ੀਅਰ ਨੇ ਆਖਿਆ ਕਿ ਮੈਕੈਲਮ ਦੀਆਂ ਤਾਜ਼ਾ ਟਿੱਪਣੀਆਂ ਸਵੀਕਾਰਯੋਗ ਨਹੀਂ ਹਨ ਤੇ ਇਹ ਇਸ ਮਾਮਲੇ ਨੂੰ ਸਿਆਸੀ ਰੰਗਤ ਦੇ ਸਕਦੀਆਂ ਹਨ। ਉਨ੍ਹਾਂ ਆਖਿਆ ਕਿ ਇਨ੍ਹਾਂ ਟਿੱਪਣੀਆਂ ਲਈ ਮੈਕੈਲਮ ਨੂੰ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ ਤੇ ਉਨ੍ਹਾਂ ਖਿਲਾਫ ਕਾਰਵਾਈ ਵੀ ਬਣਦੀ ਹੈ। ਵਿਦੇਸ਼ ਮੰਤਰੀ ਕ੍ਰਿਸਟੀਆ ਫਰੀਲੈਂਡ ਦੇ ਬੁਲਾਰੇ ਐਡਮ ਆਸਟਨ ਨੇ ਇਹ ਭਰੋਸਾ ਦਿਵਾਇਆ ਕਿ ਕੈਨੇਡਾ ਹਵਾਲਗੀ ਪ੍ਰਕਿਰਿਆ ਦੀ ਅਖੰਡਤਾ ਨੂੰ ਬਹਾਲ ਰੱਖ ਰਿਹਾ ਹੈ। ਐਡਮ ਨੇ ਆਖਿਆ ਕਿ ਕੈਨੇਡਾ ਜਾਇਜ਼, ਬਿਨਾ ਕਿਸੇ ਪੱਖਪਾਤ ਤੇ ਪਾਰਦਰਸ਼ਤਾ ਨਾਲ ਕਾਨੂੰਨੀ ਕਾਰਵਾਈ ਨੂੰ ਅੱਗੇ ਤੋਰ ਰਿਹਾ ਹੈ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਵੀ ਇਹੋ ਭਰੋਸਾ ਦਿਵਾਇਆ ਗਿਆ ਹੈ।


ਜੌਹਨ ਮੈਕੈਲਮ

## ਗ੍ਰੀਨਬੈਲਟ ਨੂੰ ਵਿਕਾਸ ਲਈ ਖੋਲ੍ਹੇ ਜਾਣ ਦੀ ਤਜਵੀਜ਼ ਵਾਲੇ ਬਿੱਲ ਨਾਲ ਅੱਗੇ ਨਹੀਂ ਵਧੇਗਾ ਓਨਟਾਰੀਓ : ਕਲਾਰਕ

...ਪੰਨਾ 1 ਦਾ ਬਾਕੀ

ਜਿਸ ਨਾਲ ਉਨ੍ਹਾਂ ਨੂੰ ਗ੍ਰੀਨਬੈਲਟ ਦੀ ਹਿਫਾਜ਼ਤ ਕਰਨ ਵਾਲੇ ਕਾਨੂੰਨ ਵਰਗੇ ਕੁੱਝ ਹੋਰਨਾਂ ਨਿਯਮਾਂ ਵਿੱਚ ਤਬਦੀਲੀਆਂ ਕਰਨ ਦਾ ਅਧਿਕਾਰ ਮਿਲ ਜਾਣਾ ਸੀ।
ਬੁੱਧਵਾਰ ਨੂੰ ਸੋਸਲ ਮੀਡੀਆ ਉੱਤੇ ਪੋਸਟ ਕੀਤੇ ਸੁਨੇਹੇ ਵਿੱਚ ਕਲਾਰਕ ਨੇ ਆਖਿਆ ਕਿ ਸਰਕਾਰ ਨੇ ਵਿਧਾਇਕਾਂ, ਮਿਉਂਸਪੈਲਿਟੀਜ ਤੇ ਸਟੇਕਹੋਲਡਰਜ ਦੇ ਪੱਖ ਵੀ ਸੁਣੇ ਜਿਹੜੇ ਇਸ ਬਿੱਲ ਦੇ ਮਹਿਫੂਜ ਜਮੀਨ ਉੱਤੇ ਪੈਣ ਵਾਲੇ ਨਕਾਰਾਤਮਕ ਅਸਰ ਨੂੰ ਲੈ ਕੇ ਚਿੰਤਤ ਸਨ। ਪ੍ਰੋਗਰੈਸਿਵ ਕੰਜਰਵੇਟਿਵ ਸਰਕਾਰ ਨੇ ਦਸੰਬਰ ਵਿੱਚ ਪੇਸ ਬਿੱਲ 66 ਬਾਰੇ ਇਹ ਐਲਾਨ ਕੀਤਾ ਸੀ ਕਿ ਪਲੈਨਿੰਗ ਦਾ ਅਖਤਿਆਰ ਵੀ ਇਸ ਬਿੱਲ ਦਾ ਹੀ ਹਿੱਸਾ ਹੈ। ਉਦੋਂ ਇਹ ਵੀ ਆਖਿਆ ਗਿਆ ਸੀ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਇਸ ਨਾਲ ਆਰਥਿਕ ਵਿਕਾਸ ਵੀ ਹੋਵੇਗਾ।
ਪਰ ਆਲੋਚਕਾਂ ਦਾ ਕਹਿਣਾ ਹੈ ਕਿ ਬਿੱਲ 66 ਵਿੱਚ ਅਜਿਹੀ ਭਾਸਾ ਦੀ ਵਰਤੋਂ ਕੀਤੀ ਗਈ ਹੈ ਜਿਸ ਨਾਲ ਕਈ ਪਹਿਲਾਂ ਤੋਂ ਹੀ ਕਾਇਮ ਥਾਂਵਾਂ ਨੂੰ ਵੀ ਖਤਰਾ ਹੋ ਸਕਦਾ ਹੈ। ਜਿਕਰਯੋਗ ਹੈ ਕਿ ਫੋਰਡ ਸਰਕਾਰ ਵੱਲੋਂ ਪਹਿਲਾਂ ਗ੍ਰੀਨਬੈਲਟ ਦੇ ਕੁੱਝ ਹਿੱਸੇ ਉੱਤੇ ਵਿਕਾਸ ਦੇ ਨਾਂ ਉੱਤੇ ਉਸਾਰੀਆਂ ਕਰਨ ਦੀ ਯੋਜਨਾ ਦਾ ਐਲਾਨ ਵੀ ਕੀਤਾ ਗਿਆ ਸੀ। ਪਰ ਵਿਰੋਧੀ ਪਾਰਟੀਆਂ ਤੇ ਮਾਹਿਰਾਂ ਵੱਲੋਂ ਕੀਤੀ ਗਈ ਆਲੋਚਨਾ ਤੋਂ ਬਾਅਦ ਫੋਰਡ ਸਰਕਾਰ ਨੇ ਆਪਣੇ ਇਸ ਫੈਸਲੇ ਨੂੰ ਵਾਪਿਸ ਲੈ ਲਿਆ ਹੈ।




ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

Founder Editor - Jagdish Singh Grewal
Managing Director - Parminder Kaur Grewal
Honorary Editor - Jatinder Pannu
Contributing Editors - Karam Singh Punia
- Gyan Singh
- Angrej Singh
Office Admin Assistant - Priya Sodhi
Marketing Executives - HS Nagpal
- Gurpreet Singh Pall
-
Photographer - Kanwaljit Singh Kanwal
Distribution - Aman Warriach

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## 2019 ਦੀਆਂ ਚੋਣਾਂ ਵਿੱਚ ਖੜ੍ਹੇ ਨਹੀਂ ਹੋਣਾ ਚਾਹੁੰਦੇ ਕਈ ਐਨਡੀਪੀ ਐਮਪੀਜ਼ : ਮਲਕੇਅਰ

...ਪੰਨਾ 1 ਦਾ ਬਾਕੀ

ਐਨਡੀਪੀ ਦੇ ਕਈ ਐਮਪੀ ਪਹਿਲਾਂ ਹੀ ਇਹ ਐਲਾਨ ਕਰ ਚੁੱਕੇ ਹਨ ਕਿ ਇਸ ਸਾਲ ਉਹ ਐਨਡੀਪੀ ਆਗੂ ਜਗਮੀਤ ਸਿੰਘ ਦੇ ਬੈਨਰ ਹੇਠ ਚੋਣਾਂ ਵਿੱਚ ਖੜ੍ਹੇ ਨਹੀਂ ਹੋਣਗੇ। ਕਿਊਬਿਕ ਵਿੱਚ ਐਮਪੀ ਰੋਮੀਓ ਸਾਗਾਨਾਸ਼ ਤੇ ਹੈਲੇਨੇ ਲੈਵਰਡਿਏਰੇ ਇਹ ਸਪਸ਼ਟ ਕਰ ਚੁੱਕੇ ਹਨ ਕਿ ਅਗਲੀਆਂ ਚੋਣਾਂ ਵਿੱਚ ਉਹ ਐਨਡੀਪੀ ਦੇ ਉਮੀਦਵਾਰ ਨਹੀਂ ਹੋਣਗੇ। ਬੀਸੀ ਤੋਂ ਐਮਪੀ ਫਿਨ ਡੌਨੇਲੀ ਨੇ ਵੀ ਦੁਬਾਰਾ ਨਾ ਲੜਨ ਦਾ ਐਲਾਨ ਕੀਤਾ ਹੈ। ਜਦਕਿ ਉਨ੍ਹਾਂ ਦੀ ਪ੍ਰੋਵਿੰਸ ਦੇ ਦੋ ਹੋਰ ਐਮਪੀਜ਼ ਸ਼ੀਲਾ ਮੈਲਕੌਮਸਨ ਤੇ ਕੈਨੇਡੀ ਸਟੀਵਾਰਟ ਪਹਿਲਾਂ ਹੀ ਕ੍ਰਮਵਾਰ ਪ੍ਰੋਵਿੰਸ਼ੀਅਲ ਤੇ ਲੋਕਲ ਸਿਆਸਤ ਵਿੱਚ ਸਰਗਰਮ ਹੋਣ ਲਈ ਅਲਵਿਦਾ ਆਖ ਚੁੱਕੇ ਹਨ।
ਓਨਟਾਰੀਓ ਤੋਂ ਐਮਪੀਜ਼ ਆਇਰੀਨ ਮੈਥੀਸਨ ਤੇ ਡੇਵਿਡ ਕ੍ਰਿਸਟੋਫਰਸਨ ਨੇ ਵੀ ਆਪਣੀਆਂ ਹਾਊਸ ਆਫ ਕਾਮਨਜ਼ ਦੀਆਂ ਸੀਟਾਂ ਲਈ ਦੁਬਾਰਾ ਚੋਣ ਮੁਹਿੰਮ ਨਾ ਚਲਾਉਣ ਦਾ ਫੈਸਲਾ ਕੀਤਾ ਹੈ ਤੇ ਅਲਬਰਟਾ ਤੋਂ ਐਮਪੀ ਲਿੰਡਾ ਡੰਕਨ ਵੀ ਇਸ ਵਾਰੀ ਚੋਣਾਂ ਵਿੱਚ ਹਿੱਸਾ ਲੈਣ ਵਿੱਚ ਦਿਲਚਸਪੀ ਨਹੀਂ ਵਿਖਾ ਰਹੀ। ਚਿਰਾਂ ਤੋਂ ਚੱਲੇ ਆ ਰਹੇ ਐਨਡੀਪੀ ਦੇ ਇੱਕ ਹੋਰ ਐਮਪੀ ਨਥਾਨ ਕੁਲਨ ਦੇ ਮੁੜ ਚੋਣਾਂ ਵਿੱਚ ਹਿੱਸਾ ਨਾ ਲੈਣ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਮਲਕੇਅਰ ਨੇ ਇਹ ਜਵਾਬ ਦਿੱਤਾ। ਪਰ ਕੁਲਨ ਨੇ ਆਪ ਇਸ ਬਾਰੇ ਕੋਈ ਸਪਸ਼ਟ ਰਾਇ ਨਹੀਂ ਦਿੱਤੀ ਹੈ।

## ਜਦੋਂ ਬੀਮਾ ਏਜੰਟ ਨਾਲ ਵਾਹ ਪਿਆ


-ਰਮੇਸ਼ ਕੁਮਾਰ ਸ਼ਰਮਾ

ਸਾਡੇ ਦੇਸ਼ ਵਿੱਚ ਵੈਸੇ ਤਾਂ ਉਲੂ ਬੜੇ ਘੱਟ ਪਾਏ ਜਾਂਦੇ ਹਨ, ਪਰ ਬਣਾਏ ਜ਼ਿਆਦਾ ਜਾਂਦੇ ਹਨ। ਸਾਡੀ ਜਨਤਾ ਬੜੀ ਭੋਲੀ-ਭਾਲੀ ਹੈ, ਜਲਦੀ ਹੀ ਝਾਂਸੇ ਵਿੱਚ ਆ ਜਾਂਦੀ ਹੈ। ਇੱਕ ਦੋ ਭੱਦਰ ਪੁਰਸ਼ ਅਜਿਹੇ ਹਨ, ਜਿਨ੍ਹਾਂ ਨਾਲ ਹਰ ਇਨਸਾਨ ਦਾ ਆਪਣੀ ਜ਼ਿੰਦਗੀ ਵਿੱਚ ਵਾਹ-ਵਾਸਤਾ ਪੈਂਦਾ ਹੈ। ਇੱਕ ਤਾਂ ਹੈ ਬੀਮਾ ਏਜੰਟ, ਦੂਜਾ ਪ੍ਰਾਪਰਟੀ ਡੀਲਰ। ਇਹ ਦੋ ਪਹਿਲੇ ਭੱਦਰ ਪੁਰਸ਼ ਹਨ, ਇਹ ਦੂਜੇ ਤੋਂ ਚਾਰ ਕਦਮ ਅੱਗੇ ਹੁੰਦੇ ਹਨ।
ਬੀਮਾ ਏਜੰਟ ਸ਼ਾਇਦ ਦੁਨੀਆ ਦਾ ਸਭ ਤੋਂ ਢੀਠ ਇਨਸਾਨ ਹੁੰਦਾ ਹੈ। ਯਮਰਾਜ ਦੇ ਆਉਣ ਦਾ ਵੀ ਸਮਾਂ ਸਥਾਨ ਨਿਸ਼ਚਤ ਹੁੰਦਾ ਹੈ, ਪ੍ਰੰਤੂ ਬੀਮਾ ਏਜੰਟ ਕਦੇ ਵੀ ਅਤੇ ਕਿਤੇ ਵੀ ਪ੍ਰਗਟ ਹੋ ਸਕਦਾ ਹੈ, ਤੁਹਾਡੇ ਦਫਤਰ, ਦੁਕਾਨ ਜਾਂ ਰਸਤੇ ਵਿੱਚ ਬਿੱਲੀ ਵਾਂਗ ਤੁਹਾਡਾ ਰਸਤਾ ਕੱਟ ਸਕਦਾ ਹੈ।
ਇਹ ਉਨ੍ਹਾਂ ਦਿਨਾਂ ਦੀ ਗੱਲ ਹੈ, ਜਦੋਂ ਮੈਂ ਅਜੇ ਨੌਕਰੀ ਵਿੱਚ ਸੀ। ਇੱਕ ਬੀਮਾ ਏਜੰਟ ਮੇਰੇ ਪਿੱਛੇ ਪੈ ਗਿਆ। ਉਹ ਜਦੋਂ ਵੀ ਮੈਨੂੰ ਮਿਲਿਆ ਕਰੇ, ਬੱਸ ਇਹੀ ਰਟ ਲਾਉਂਦਾ, ''ਸ਼ਰਮਾ ਜੀ! ਬੀਮਾ ਕਰਵਾ ਲਓ, ਜਿਸ ਤਰ੍ਹਾਂ ਦੀ ਮਾਰਾ-ਮਾਰੀ ਤੇ ਆਪਾ-ਧਾਪੀ ਵਾਲੀ ਇਨਸਾਨ ਦੀ ਜ਼ਿੰਦਗੀ ਚੱਲ ਰਹੀ ਹੈ, ਬੀਮਾ ਬਹੁਤ ਜ਼ਰੂਰੀ ਹੈ। ਬੰਦੇ ਦਾ ਪਲ ਦਾ ਵੀ ਭਰੋਸਾ ਨਹੀਂ ਕਿਸ ਚੀਜ਼ ਜਾਂ ਝਰੋਖੇ ਵਿੱਚੋਂ ਮੌਤ ਦਾ ਬੁਲਾਵਾ ਆ ਜਾਵੇ, ਕੋਈ ਪਤਾ ਨਹੀਂ ਚੱਲਦਾ।''
ਉਹ ਮੇਰੇ ਪਿੱਛੇ ਬੁਰੀ ਤਰ੍ਹਾਂ ਪੈ ਗਿਆ। ਮੈਂ ਵੀ ਉਸ ਨੂੰ ਕੋਈ ਸਿਰਾ ਨਾ ਫੜਾਇਆ। ਅਖੀਰ ਉਹ ਮੇਰੇ ਪਿਤਾ ਜੀ ਦੇ ਇੱਕ ਦੋਸਤ ਨੂੰ ਸਿਫਾਰਸ਼ ਲਈ ਫੜ ਲਿਆਇਆ। ਬਾਬੂ ਜੀ ਨੇ ਉਸ ਦੀ ਤਰਫਦਾਰੀ ਕਰਦੇ ਹੋਏ ਕਿਹਾ, 'ਬੇਟਾ, ਇਹ ਇਸ ਧੰਦੇ ਦੇ ਪੁਰਾਣੇ ਖਿਡਾਰੀ ਹਨ ਅਤੇ ਆਪਣੇ ਜਾਣਕਾਰ ਵੀ ਹਨ।'
ਉਸ ਨੇ ਮੈਨੂੰ ਕਿਹਾ, 'ਸ਼ਰਮਾ ਜੀ ਤੁਸੀਂ ਬੀਮੇ ਬਾਰੇ ਕੁਝ ਜਾਣਦੇ ਵੀ ਹੋ, ਇਸ ਦਾ ਮਤਲਬ ਵੀ ਪਤੈ?'
ਮੈਂ ਕਿਹਾ, ''ਵੇਖੋ ਜੀ ਮੈਨੂੰ ਤਾਂ ਏਨਾ ਹੀ ਪਤੈ ਕਿ ਇਸ ਦਾ ਮਤਲਬ ਹੈ ਕਿ 'ਜੀਉ ਗਰੀਬ ਅਤੇ ਮਰੇ ਅਮੀਰ।''
ਉਸ ਨੇ ਕੱਚੀ ਜਹੀ ਹਾਸੀ ਹੱਸਦੇ ਹੋਏ ਕਿਹਾ, ''ਤੁਹਾਡਾ ਫੁਰਮਾਨ ਦਰੁਸਤ ਹੈ ਜ਼ਿਆਦਾ ਲੋਕ ਇਹੀ ਸਮਝਦੇ ਹਨ ਫਿਰ ਵੀ ਨੌਕਰੀ ਪੇਸ਼ਾ ਆਦਮੀ ਲਈ ਤਾਂ ਬੀਮਾ ਅਤਿ ਜ਼ਰੂਰੀ ਹੈ, ਟੈਕਸ ਵਿੱਚੋਂ ਰੀਬੇਟ, ਰਿਸਕ ਕਵਰ, ਐਕਸੀਡੈਂਟ ਅਤੇ ਮੁਆਵਜ਼ਾ ਅਤੇ ਹੋਰ ਕਈ ਫਾਇਦੇ ਹਨ। ਤੁਸੀਂ ਦਿਮਾਗ ਤੋਂ ਬੋਝ ਲਾਹੋ, ਜ਼ਿਆਦਾ ਸੋਚੋ ਨਾ, ਸਾਥੋਂ ਬੀਮਾ ਕਰਵਾਓ :
ਆਪ ਕਰਾਉ ਹਮ ਸੇ ਬੀਮਾ, ਛੋੜੋ ਸਭ ਅੰਦੇਸ਼ੋਂ ਕੋ,
ਇਸ ਖ਼ਿਦਮਤ ਮੇ ਸਭ ਸੇ ਬੜ੍ਹ ਕਰ, ਰੋਸ਼ਨ ਨਾਮ ਹਮਾਰਾ ਹੈ,
ਖਾਸੀ ਦੌਲਤ ਮਿਲ ਜਾਏਗੀ, ਆਪ ਕੇ ਬੀਵੀ ਬੱਚੋਂ ਕੋ,
ਆਪ ਤਸੱਲੀ ਸੇ ਮਰ ਜਾਏਂ, ਬਾਕੀ ਕਾਮ ਹਮਾਰਾ ਹੈ।
ਉਸ ਨੇ ਹੱਸਣ ਲਈ ਸ਼ੇਅਰ ਮਾਰਿਆ, ਪਰ ਮੈਂ ਹੱਸਿਆ ਨਹੀਂ। ਮੈਂ ਉਸ ਨੂੰ ਕਿਹਾ, 'ਇਸ ਦਾ ਮਤਲਬ ਤੁਸੀਂ ਸਾਨੂੰ ਮਾਰਿਆ ਹੀ ਭਾਲਦੇ ਹੋ।'




'ਨਹੀਂ-ਨਹੀਂ ਸ਼ਰਮਾ ਜੀ, ਮਰਨ ਤੁਹ-ੜਡੇ ਦੁਸ਼ਮਣ।'
ਮੈਂ ਕਿਹਾ, ''ਕ੍ਰਿਪਾ ਕਰ ਕੇ ਤੁਸੀਂ ਆਪਣੇ ਆਪ ਨੂੰ ਗਾਲ੍ਹਾਂ ਨਾ ਕੱਢੋ।''
ਉਹ ਕਾਫੀ ਦਿਨ ਮੇਰੇ ਪਿੱਛੇ ਲੱਗੇ ਰਹੇ, ਪਰ ਮੈਂ ਟਸ ਤੋਂ ਮਸ ਨਾ ਹੋਇਆ। ਇਨ੍ਹਾਂ ਲੋਕਾਂ ਵਿੱਚ ਸੰਗ-ਸ਼ਰਮ ਦਾ ਖਾਨਾ ਤਾਂ ਕੋਈ ਹੁੰਦਾ ਨਹੀਂ। ਕਈ ਵਾਰ ਇਹ ਬੜੇ ਗ਼ਜ਼ਬ ਢਾਉਂਦੇ ਨੇ, ਦੂਜਿਆਂ ਦੀਆਂ ਪਤਨੀਆਂ ਕੋਲ ਘੰਟਾ-ਘੰਟਾ ਬੈਠ ਕੇ ਉਨ੍ਹਾਂ ਦੇ ਪਤੀ ਮਰਨ ਦੇ ਫਾਇਦੇ ਸਮਝਾਉਂਦੇ ਨੇ।
ਇੱਕ ਦਿਨ ਮੈਂ ਦਫਤਰੋਂ ਘਰ ਪਹੁੰ-ਚਿਆ, ਸਾਡੀ ਸਾਹਮਣੇ ਲਾਈਨ ਵਾਲੇ ਗੁਪਤਾ ਜੀ ਆਪਣੀ ਧਰਮ ਪਤਨੀ ਨਾਲ ਪਧਾਰੇ ਹੋਏ ਸਨ। ਗੁਪਤਾ ਜੀ ਦੀ ਪਤਨੀ ਨੇ ਨਮਸਤੇ ਕਰਨ ਪਿੱਛੋਂ ਕਿਹਾ, ''ਤੁਹਾਡੀ ਮੈਡਮ ਨੂੰ ਤਾਂ ਮੈਂ ਬਹੁਤ ਦਫਾ ਮਿਲੀ ਹਾਂ, ਪਰ ਅੱਜ ਉਚੇਚੇ ਤੌਰ 'ਤੇ ਮੈਂ ਤੁਹਾਨੂੰ ਮਿਲਣ ਆਈ ਹਾਂ। ਤੁਹਾਡੇ ਮੈਡਮ ਨੌਕਰੀ ਕਰਦੇ ਹਨ, ਪਰ ਸਾਰਾ ਦਿਨ ਖਾਲੀ ਬੈਠੀ ਬੋਰ ਹੁੰਦੀ ਰਹਿੰਦੀ ਹਾਂ, ਇਸ ਕਰ ਕੇ ਮੈਂ ਅੱਜਕੱਲ੍ਹ ਬੀਮ ਏਜੰਟ ਦੇ ਤੌਰ 'ਤੇ ਕੰਮ ਕਰਨ ਲੱਗ ਪਈ ਹਾਂ। ਬੱਸ ਇਸੇ ਸਿਲਸਿਲੇ ਵਿੱਚ ਤੁਹਾਡੇ ਕੋਲ ਆਈ ਹਾਂ।''
ਮੈਨੂੰ ਇਸ ਤਰ੍ਹਾਂ ਲੱਗਿਆ ਜਿਵੇਂ ਕਿਸੇ ਨੇ ਸੌ ਘੜੇ ਠੰਢੇ ਪਾਣੀ ਦੇ ਪਾ ਦਿੱਤੇ ਹੋਣ। ਮੈਂ ਕਿਹਾ, ''ਜੀ ਮੈਂ ਤਾਂ ਪਹਿਲਾਂ ਹੀ ਕਈ ਸਕੀਮਾਂ ਵਿੱਚ ਪੈਸਾ ਲਗਾਇਆ ਹੋਇਆ ਹੈ।''
ਉਸ ਨੇ ਮੇਰੀ ਗੱਲ ਅਣਸੁਣੀ ਕਰਦੇ ਕਿਹਾ, 'ਭਾਈ ਸਾਹਿਬ ਹੁਣ ਪਹਿਲਾਂ ਵਾਲੀਆਂ ਗੱਲਾਂ ਨਹੀਂ ਰਹੀਆਂ ਕਿ ਬੀਮੇ ਦੀ ਰਕਮ ਸਿਰਫ ਮਰਨ ਉਪਰੰਤ ਮਿਲਦੀ ਹੈ। ਅੱਜਕੱਲ੍ਹ ਅਨੇਕਾਂ ਹੀ 5-10-12 ਸਾਲ ਦੀਆਂ ਛੋਟੀਆਂ-ਛੋਟੀਆਂ ਸਕੀਮਾਂ ਹਨ। ਥੋੜ੍ਹੇ ਸਮੇਂ ਵਿੱਚ ਥੋੜ੍ਹੀ ਰਕਮ ਲਗਾਉਣ ਤੇ ਚੋਖਾ ਲਾਭ ਮਿਲਦਾ ਹੈ।'
ਮੇਰੀ ਪਤਨੀ ਨੇ ਮੈਨੂੰ ਪਰੇ ਲਿਜਾ ਕੇ ਕਿਹਾ, ''ਮਖਿਆ ਜੀ ਕਰਵਾ ਲਓ ਇਹ ਆਪਣੇ ਰੋਜ਼ ਮੂੰਹ ਮੱਥੇ ਲਗਦੇ ਹਨ, ਬੰਦੇ ਦੇ ਬੰਦਾ ਸੌ ਵਾਰ ਕੰਮ ਆਉਂਦੈ।''
ਉਸ ਨੇ ਕਿਹਾ, 'ਮੈਂ ਆਪ ਜੀ ਦੀ ਛੇ ਹਜ਼ਾਰ ਦੀ 'ਜੀਵਨ ਸੁਰਤੀ' ਪਾਲਿਸੀ 12 ਸਾਲਾਂ ਲਈ ਕਰ ਦਿੰਦੀ ਹਾਂ। ਇਸ ਵਿੱਚ ਸਾਰੇ ਲਾਭ ਪ੍ਰਾਪਤ ਹਨ। ਮੈਂ ਇਸ ਵਿੱਚ ਤੁਹਾਨੂੰ ਪਹਿਲੀ ਕਿਸ਼ਤ ਤੇ ਤੀਹ ਫੀਸਦੀ ਰਿਬੇਟ ਵੀ ਦੇਵਾਂਗੀ, ਤੁਸੀਂ ਮੇਰੇ ਆਪਣੇ ਹੀ ਹੋ।''
ਮੈਂ ਹਾਮੀ ਭਰ ਦਿੱਤੀ, ਬੀਮੇ ਲਈ। ਅਜੇ ਮੈਂ ਇਸ ਸਕੀਮ ਦੀਆਂ ਦੋ ਕਿਸ਼ਤਾਂ ਹੀ ਭਰੀਆਂ ਸਨ ਕਿ ਇੱਕ ਦਿਨ ਉਹ ਫਿਰ ਆ ਗਈ। ਉਸ ਨੇ ਕਿਹਾ, 'ਭਾਈ ਸਾਹਿਬ ਮੈਂ ਜਿਹੜੀ ਪਾਲਿਸੀ ਤੁਹਾਡੀ ਕੀਤੀ ਹੈ ਉਸ ਨਾਲ ਸੰਬੰਧਤ ਇੱਕ ਲਾਭ ਦੀ ਸਕੀਮ ਆਈ ਹੈ। ਇਹ 12-18 ਸਾਲ ਦੀ ਉਮਰ ਦੇ ਬੱਚਿਆਂ ਦਾ ਧਿਆਨ ਰੱਖ ਕੇ ਸਕੀਮ ਖੋਲ੍ਹੀ ਹੈ। ਅੱਜਕੱਲ੍ਹ ਆਪਾਂ ਵੇਖਦੇ ਹਾਂ ਸੜਕ ਤੇ ਰੋਜ਼ ਮੌਤ ਦਾ ਤਾਂਡਵ ਹੁੰਦਾ ਹੈ। ਉਂਝ ਤਾਂ ਪ੍ਰਮਾਤਮਾ ਕਿਸੇ ਦੇ ਬੱਚੇ ਨੂੰ ਕੁਝ ਨਾ ਕਰੇ, ਫਿਰ ਵੀ ਖੁਦਾ ਨਾ ਖਾਸਤਾ ਕਿਸੇ ਬੱਚੇ ਨਾਲ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਕੰਪਨੀ 10 ਲੱਖ ਮੁਆਵਜ਼ਾ ਦੇਵੇਗੀ। ਇਸ ਪਾਲਿਸੀ ਦੀ ਦੋ ਹਜ਼ਾਰ ਰੁਪਏ ਸਾਲਾਨਾ ਕਿਸ਼ਤ ਹੈ। ਦੋਵੇਂ ਪਾਲਿਸੀਆਂ ਦੀ ਦੋ ਹਜ਼ਾਰ ਰੁਪਏ ਸਾਲਾਨਾ ਕਿਸ਼ਤ ਹੈ। ਦੋਵੇਂ ਪਾਲਿਸੀਆਂ ਇਕੱਠੀਆਂ ਖਤਮ ਹੋਣਗੀਆਂ।''
ਮੇਰਾ ਮਨ ਤਾਂ ਬਿਲਕੁਲ ਗਵਾਹੀ ਨਹੀਂ ਦੇ ਰਿਹਾ ਸੀ। ਇਹ ਲੋਕ ਬਹੁਤ ਕੁਝ ਸਪੱਸ਼ਟ ਨਹੀਂ ਦਸਦੇ, ਇਨ੍ਹਾਂ ਤੇ ਇਤਬਾਰ ਨਹੀਂ ਕਰਨਾ ਚਾਹੀਦਾ। ਪਹਿਲਾਂ ਸੌ ਸਬਜਬਾਗ ਵਿਖਾਉਂਦੇ ਹਨ, ਜਦੋਂ ਕਿ ਹਕੀਕਤ ਕੋਹਾਂ ਦੂਰ ਹੁੰਦੀ ਹੈ। ਜਦੋਂ ਬੱਚੇ ਵਾਲੀ ਪਾਲਿਸੀ ਮੈਚਿਓਰ ਹੋਈ ਤਾਂ ਮੈਨੂੰ ਮੇਰੀ ਜਮ੍ਹਾ ਕਰਾਈ ਵੀ ਰਕਮ ਨਾ ਦਿੱਤੀ। ਉਸ ਨੇ ਕਿਹਾ, ''ਜੇ ਬੱਚੇ ਨੂੰ ਕੁਝ ਹੋ ਜਾਂਦਾ ਤਾਂ 10 ਲੱਖ ਤਾਂ ਕੰਪਨੀ ਨੇ ਹੀ ਦੇਣਾ ਸੀ, ਇਸ ਸਕੀਮ ਵਿੱਚ ਕੰਪਨੀ ਨੂੰ ਵੀ ਫਾਇਦਾ ਹੁੰਦਾ ਹੈ।''



# ਭਾਰਤ ਵਿੱਚ ਭੁੱਖਮਰੀ ਚਿੰਤਾ ਦਾ ਵਿਸ਼ਾ

-ਵਰੁਣ ਗਾਂਧੀ



ਭਾਰਤ ਦੇ ਦੂਰ-ਦੁਰਾਡੇ ਇਲਾਕਿਆਂ ਤੋਂ ਆਉਣ ਵਾਲੀਆਂ ਭੁੱਖ ਕਾਰਨ ਹੋਣ ਵਾਲੀਆਂ ਮੌਤਾਂ ਦੀਆਂ ਖਬਰਾਂ ਆਪਣੇ ਆਪ 'ਚ ਦੁਖਦਾਈ ਹਨ। ਇਸ ਸਾਲ ਦੇ ਸ਼ੁਰੂ ਵਿੱਚ ਯੂ ਪੀ ਦੇ ਲਖੀਮਪੁਰ 'ਚ ਦੋ ਦਿਨਾਂ ਤੋਂ ਭੁੱਖੀ 13 ਵਰ੍ਹਿਆਂ ਦੀ ਇੱਕ ਕੁੜੀ ਨੇ ਖੁਦਕੁਸ਼ੀ ਕਰ ਲਈ। ਉਸ ਦੇ ਪਿਤਾ ਦੀ ਮੌਤ ਹੋ ਚੁੱਕੀ ਸੀ ਤੇ ਮਾਂ ਨੂੰ, ਜੋ ਮਜ਼ਦੂਰੀ ਕਰਦੀ ਸੀ, ਕੋਈ ਕੰਮ ਨਹੀਂ ਮਿਲਿਆ ਸੀ। ਉਸੇ ਹਫਤੇ ਕੇਰਲਾ ਵਿੱਚ ਇੱਕ ਆਦਿਵਾਸੀ ਨੌਜਵਾਨ ਨੂੰ ਪ੍ਰਚੂਨ ਦੀ ਦੁਕਾਨ ਤੋਂ ਇੱਕ ਕਿਲੋ ਚੌਲ ਚੋਰੀ ਕਰਨ 'ਤੇ ਕੁੱਟ ਕੁੱਟ ਕੇ ਮਾਰ ਦਿੱਤਾ ਗਿਆ ਸੀ। ਪਹਿਲਾਂ ਉਹ ਨੌਜਵਾਨ ਭੀਖ ਮੰਗ ਰਿਹਾ ਸੀ ਤੇ ਫਿਰ ਉਸ ਨੇ ਚੋਰੀ ਦਾ ਸਹਾਰਾ ਲਿਆ। ਫੜਿਆ ਗਿਆ ਤਾਂ ਉਸ ਨੂੰ ਲੋਕਾਂ ਨੇ ਇੰਨਾ ਕੁੱਟਿਆ ਕਿ ਉਹ ਮਰ ਗਿਆ।

'ਗਲੋਬਲ ਹੰਗਰ ਇੰਡੈਕਸ਼ਨ 2017' ਦੇ ਮੁਤਾਬਕ ਭਾਰਤ ਦੀ ਲਗਭਗ 14.5 ਫੀਸਦੀ ਆਬਾਦੀ ਕੁਪੋਸ਼ਣ ਦੀ ਸ਼ਿਕਾਰ ਹੈ, ਜਿਨ੍ਹਾਂ 'ਚੋਂ 21 ਫੀਸਦੀ ਬੱਚੇ ਹਨ, ਜਦ ਕਿ ਪੰਜ ਸਾਲ ਤੋਂ ਘੱਟ ਉਮਰ ਦੇ 38.4 ਫੀਸਦੀ ਬੱਚਿਆਂ ਦਾ ਪੂਰਨ ਵਿਕਾਸ ਨਹੀਂ ਹੁੰਦਾ। ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਮੌਤਾਂ ਦੀ ਦਰ ਲਗਭਗ ਪੰਜ ਫੀਸਦੀ ਹੈ। 25 ਕਰੋੜ ਭਾਰਤੀ ਅਜੇ ਵੀ ਖੁਰਾਕ ਸੁਰੱਖਿਆ ਤੋਂ ਵਾਂਝੇ ਹਨ, ਜਿਨ੍ਹਾਂ ਨੂੰ ਰੋਜ਼ 2100 ਕੈਲੋਰੀ ਤੋਂ ਘੱਟ ਖੁਰਾਕ ਮਿਲਦੀ ਹੈ। ਝਾਰਖੰਡ ਤੇ ਪੱਛਮੀ ਬੰਗਾਲ ਦਾ ਹਾਲ ਇਸ ਮਾਮਲੇ ਵਿੱਚ ਸਭ ਤੋਂ ਮਾੜਾ ਹੈ। ਯੋਜਨਾ ਕਮਿਸ਼ਨ ਨੇ ਇੱਕ ਵਾਰ ਕਿਹਾ ਸੀ, "ਭਾਰਤ ਵਿੱਚ ਜੇ ਅਕਾਲ ਦੀ ਹਾਲਤ ਨਾ ਹੋਵੇ ਤਾਂ ਵੀ ਯਕੀਨੀ ਤੌਰ ਉੱਤੇ ਲਗਾਤਾਰ ਭੁੱਖਮਰੀ ਦੀ ਹਾਲਤ ਜ਼ਰੂਰ ਹੈ।"

ਅਜਿਹਾ ਨਹੀਂ ਹੈ ਕਿ ਨੀਤੀ-ਘਾੜੇ ਇਸ ਤੋਂ ਅਣਜਾਣ ਹਨ। ਖੁਰਾਕ ਸੁਰੱਖਿਆ ਕਾਨੂੰਨ ਦੇ ਨਾਲ ਪੀ ਯੂ ਸੀ ਐਲ ਬਨਾਮ ਕੇਂਦਰ ਸਰਕਾਰ (2001) ਦੇ ਇਤਿਹਾਸਕ ਕੇਸ ਦਾ ਫੈਸਲਾ ਆਉਣ ਪਿੱਛੋਂ ਪਿਛਲੇ ਇੱਕ ਦਹਾਕੇ ਵਿੱਚ ਅਦਾਲਤ ਵੱਲੋਂ ਲਗਭਗ 60 ਹੁਕਮ ਪਾਸ ਕੀਤੇ ਜਾ ਚੁੱਕੇ ਹਨ, ਪਰ ਇਹ ਜੁਡੀਸ਼ਲ ਸਰਗਰਮੀ ਜ਼ਮੀਨੀ ਤੌਰ 'ਤੇ ਕੋਈ ਤਬਦੀਲੀ ਲਿਆ ਸਕਣ ਵਿੱਚ ਨਾਕਾਮ ਰਹੀ ਹੈ। ਅਜਿਹਾ ਤਿੰਨ ਕਾਰਨਾਂ ਕਰ ਕੇ ਹੋਇਆ ਹੈ।

ਪਹਿਲਾ; ਵਿਆਪਕ ਕਾਨੂੰਨਾਂ ਤੋਂ ਬਾਅਦ ਵੀ ਸੁਧਾਰਾਂ ਨੂੰ ਲਾਗੂ ਕਰਨ ਵਾਲੀਆਂ ਉਨ੍ਹਾਂ ਸੰਸਥਾਵਾਂ 'ਚ ਇੱਛਾ-ਸ਼ਕਤੀ ਦੀ ਘਾਟ, ਜੋ ਦੇਸ਼ ਵਿੱਚ ਬਿਹਤਰ ਫੂਡ ਡਲਿਵਰੀ ਯਕੀਨੀ ਬਣਾ ਸਕਦੀਆਂ ਹਨ। ਦੂਸਰਾ: ਦੇਸ਼ ਦੀ ਖੁਰਾਕ ਨੀਤੀ ਅਨਾਜ ਦੀ ਵਾਧੂ ਪ੍ਰਾਪਤੀ ਯਕੀਨੀ ਬਣਾਉਣ ਉੱਤੇ ਕੇਂਦਰਿਤ ਹੈ ਅਤੇ ਫੂਡ ਕਾਰਪੋਰੇਸ਼ਨ ਆਫ ਇੰਡੀਆ (ਐੱਫ ਸੀ ਆਈ) ਦੇ ਗੋਦਾਮਾਂ ਵਿੱਚ ਵਾਧੂ ਅਨਾਜ ਸੜ ਰਿਹਾ ਹੈ। ਤੀਸਰਾ ਕਾਰਨ ਇਹ ਕਿ ਹੇਠਲੇ ਸਮਾਜਕ ਪੱਧਰ ਨੇ ਔਰਤਾਂ ਨੂੰ ਕੁਪੋਸ਼ਣ ਦਾ ਸ਼ਿਕਾਰ ਬਣਾਈ ਰੱਖਿਆ। ਇਸ ਤੋਂ ਇਲਾਵਾ ਖੁੱਲ੍ਹੇ ਥਾਂ ਜੰਗਲ-ਪਾਣੀ ਦੀ ਆਦਤ ਨੇ ਉਨ੍ਹਾਂ ਲੋਕਾਂ ਅਤੇ ਉਨ੍ਹਾਂ ਦੇ ਬੱਚਿਆਂ 'ਤੇ ਘਾਤਕ ਅਸਰ ਪਾਇਆ ਹੈ।

ਅਜਿਹਾ ਨਹੀਂ ਹੈ ਕਿ ਇਸ ਗੁੰਝਲਦਾਰ ਮੁੱਦੇ ਨੂੰ ਹੱਲ ਨਹੀਂ ਕੀਤਾ ਜਾ ਸਕਦਾ। ਕਈ ਦੇਸ਼ਾਂ ਤੇ ਸੂਬਿਆਂ ਨੇ ਇਸ ਦਾ ਹੱਲ ਕਰ ਕੇ ਆਦਰਸ਼ ਪੇਸ਼ ਕੀਤਾ ਹੈ। ਭਾਰਤ ਵਾਂਗ ਦੱਖਣੀ ਅਫਰੀਕਾ ਨੇ ਵਿਆਪਕ ਤੌਰ 'ਤੇ ਰਾਟਿਟ ਟੂ ਫੂਡ, (ਭੋਜਨ ਦਾ ਅਧਿਕਾਰ) ਦਿੱਤਾ, ਜਦ ਕਿ ਬਰਾਜ਼ੀਲ 'ਚ 'ਫੋਮ ਜ਼ੀਰੋ' ਪ੍ਰੋਗਰਾਮ ਦੀ ਵਰਤੋਂ ਕਰਦਿਆਂ ਸੰਸਥਾਗਤ ਵਚਨਬੱਧਤਾ ਨਾਲ ਦੇਸ਼ ਦੇ ਸਾਰੇ ਲੋਕਾਂ ਨੂੰ ਪੌਸ਼ਟਿਕ ਖਾਣਾ ਦਿੱਤਾ ਗਿਆ ਅਤੇ ਅੱਗੇ ਚੱਲ ਕੇ ਇਸ ਵਿੱਚ 31 ਖੁਰਾਕ ਭਲਾਈ ਪ੍ਰੋਗਰਾਮ ਜੁੜ ਗਏ। ਬਰਾਜ਼ੀਲ ਨੇ ਪਬਲਿਕ ਪ੍ਰਾਸੀਕਿਊਟਰ ਨੂੰ ਸਥਾਨਕ ਪੱਧਰ 'ਤੇ ਭੁੱਖ ਦਾ ਮੁੱਦਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਤੌਰ 'ਤੇ ਉਠਾਉਣ ਦੀ ਵੀ ਇਜਾਜ਼ਤ ਦਿੱਤੀ।

ਦੂਜੇ ਪਾਸੇ ਯੁਗਾਂਡਾ ਨੇ ਕੁਪੋਸ਼ਣ ਨਾਲ ਨਜਿੱਠਣ ਲਈ ਖੁਰਾਕ ਸੁਰੱਖਿਆ ਵਾਸਤੇ ਹਰ ਘਰ ਦੇ ਮੁਖੀ ਉਤੇ ਕਾਨੂੰਨੀ ਜ਼ਿੰਮੇਵਾਰੀ ਪਾਈ। ਇਸ ਦੇ ਨਾਲ ਸ਼ਹਿਰਾਂ 'ਚ ਕੇਂਦਰ ਬਣਾਏ, ਜਿੱਥੇ ਸਬਸਿਡੀ ਵਾਲਾ ਖਾਣਾ ਮਿਲਦਾ ਹੈ ਤੇ ਸਪਲੀਮੈਂਟਰੀ ਨਿਊਟ੍ਰੀਸ਼ਨ ਸਕੀਮ ਸ਼ੁਰੂ ਕੀਤੀ ਗਈ, ਜਿਸ ਨਾਲ ਭੁੱਖ ਦੀ ਸਮੱਸਿਆ ਨੂੰ ਹੱਲ ਕਰਨ ਵਿੱਚ ਮਦਦ ਮਿਲੀ।

ਭਾਰਤ ਦੇ ਕਈ ਰਾਜਾਂ ਨੇ ਵੀ ਰਾਹ ਦਿਖਾਇਆ ਹੈ। ਇਨ੍ਹਾਂ ਰਾਜਾਂ 'ਚ ਜਨਤਕ ਵੰਡ ਪ੍ਰਣਾਲੀ (ਪੀ ਡੀ ਐੱਸ) ਵਿੱਚ ਨਵੀਆਂ ਤਬਦੀਲੀਆਂ ਕੀਤੀਆਂ ਗਈਆਂ ਹਨ। ਬਿਹਾਰ, ਤਾਮਿਲ ਨਾਡੂ, ਆਂਧਰਾ ਪ੍ਰਦੇਸ਼ ਤੇ ਰਾਜਸਥਾਨ ਵਰਗੇ ਸੂਬਿਆਂ ਨੇ ਖਾਣੇ ਦੇ ਹੱਕਦਾਰਾਂ ਦੀਆਂ ਸ਼ਰਤਾਂ ਬਦਲੀਆਂ, ਹਿਮਾਚਲ ਨੇ ਪੀ ਡੀ ਐਸ ਸਕੀਮ ਨੂੰ ਸਭ ਲਈ ਹਾਸਲ ਕਰਵਾਇਆ ਅਤੇ ਛੱਤੀਸਗੜ੍ਹ 'ਚ ਬਿਹਤਰ ਸੇਵਾ ਦੇਣ ਦੀ ਨਿਗਰਾਨੀ 'ਤੇ ਧਿਆਨ ਦੇਣ ਦੇ ਨਾਲ-ਨਾਲ ਵਾਜਿਬ ਭਾਅ ਵਾਲੀਆਂ ਦੁਕਾਨਾਂ ਦੇ ਮਾਲਕਾਂ ਨੂੰ ਚੰਗਾ ਕਮਿਸ਼ਨ ਦੇਣ ਅਤੇ ਕੀਮਤਾਂ ਵਿੱਚ ਕਮੀ ਕਾਰਨ ਪੀ ਡੀ ਐੱਸ ਤੋਂ ਵੱਧ ਲੋਕ ਅਨਾਜ ਲੈਣ ਲੱਗੇ।

ਭਾਰਤ ਵਿੱਚ ਮੀਂਹ ਅਤੇ ਕੀੜਿਆਂ-ਮਕੌੜਿਆਂ ਦੇ ਖਤਰਿਆਂ ਦੇ ਦੌਰਾਨ ਪਲਾਸਟਿਕ ਸ਼ੀਟ ਦੀ ਨਾਮਾਤਰ ਸੁਰੱਖਿਆ ਹੇਠ ਲਗਭਗ ਤੀਹ ਲੱਖ ਟਨ ਅਨਾਜ ਖੁੱਲ੍ਹੇ ਅਸਮਾਨ ਹੇਠ ਪਿਆ ਹੁੰਦਾ ਹੈ। ਇੰਨਾ ਅਨਾਜ ਯੂਰਪ ਦੇ ਦਰਮਿਆਨੇ ਆਕਾਰ ਦੇ ਕਿਸੇ ਦੇਸ਼ ਦਾ ਢਿੱਡ ਭਰ ਸਕਦਾ ਹੈ। ਚੁਣੌਤੀ ਇਹ ਹੈ ਕਿ ਗਰੀਬਾਂ ਲਈ ਜ਼ਿਆਦਾ ਅਨਾਜ ਮੁਹੱਈਆ ਹੋਵੇ ਤੇ ਨਾਲ ਹੀ ਅਨਾਜ ਦੀ ਬਰਬਾਦੀ ਤੇ ਭ੍ਰਿਸ਼ਟਾਚਾਰ ਰੁਕੇ। ਆਈ ਆਈ ਟੀ ਦਿੱਲੀ ਦੀ ਰੀਤਿਕਾ ਖੇੜਾ ਦੀ 2011 ਦੀ ਰਿਪੋਰਟ ਦੱਸਦੀ ਹੈ ਕਿ ਹਾਲ ਹੀ ਦੇ ਸਮੇਂ ਤੱਕ ਪੀ ਡੀ ਐਸ (ਪਬਲਿਕ ਡਿਸਟਰੀਬਿਊਸ਼ਨ ਸਿਸਟਮ) ਤੋਂ ਲਾਭ ਲੈਣ ਵਾਲੇ ਪਰਵਾਰ ਸਥਾਈ ਤੌਰ 'ਤੇ 44 ਫੀਸਦੀ ਕਣਕ ਅਤੇ ਚੌਲਾਂ ਤੋਂ ਵਾਂਝੇ ਰੱਖੇ ਗਏ ਅਤੇ ਐਫ ਸੀ ਆਈ ਦੇ ਅਨਾਜ ਦੀ ਭਾਰੀ ਬਰਬਾਦੀ ਹੋਈ।

ਵਧਦੀ ਫੂਡ ਇਨਫਲੇਸ਼ਨ ਨੂੰ ਦੇਖਦਿਆਂ ਇਸ ਦੀ ਖਰੀਦ ਨੀਤੀ ਨੂੰ ਫਸਲਾਂ ਦੀ ਘੱਟੋ ਘੱਟ ਸਮਰਥਨ ਮੁੱਲ ਵਾਲੀ ਨੀਤੀ ਨਾਲ ਤਾਲਮੇਲ ਬਿਠਾ ਕੇ ਬਦਲਦੇ ਰਹਿਣਾ ਚਾਹੀਦਾ ਹੈ। ਇਸ ਵਿੱਚ ਦਾਲਾਂ, ਤੇਲ ਅਤੇ ਪੂਰੇ ਸਾਲ ਲਈ ਪਿਆਜ਼ ਨੂੰ ਵੀ ਸ਼ਾਮਲ ਕਰਨਾ ਚਾਹੀਦਾ ਹੈ। ਇਸ ਦਾ ਫੋਕਸ ਆਸਾਮ, ਬਿਹਾਰ, ਯੂ ਪੀ ਵਰਗੇ ਖੁਰਾਕ ਅਸੁਰੱਖਿਆ ਦਾ ਸਾਹਮਣਾ ਕਰਨ ਵਾਲੇ ਸੂਬਿਆਂ 'ਤੇ ਹੋਣਾ ਚਾਹੀਦਾ ਹੈ। ਇੱਕ ਅਜਿਹੇ ਪ੍ਰੋਗਰਾਮ ਦੀ ਲੋੜ ਹੈ, ਜਿਸ ਦਾ ਮਕਸਦ ਦੋ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਵਿਕਾਸ ਰੁਕਣ ਦੀ ਸਮੱਸਿਆ ਖਤਮ ਕਰਨਾ ਹੋਵੇ। ਇਸ ਦੇ ਲਈ ਖਾਸ ਰਣਨੀਤੀ ਬਣਾਉਣੀ ਪਵੇਗੀ, ਜਿਸ 'ਚ ਖੇਤੀ ਉਤਪਾਦਨ ਵਧਾਉਣ, ਜੱਚਾ-ਬੱਚਾ ਸੰਭਾਲ ਤੋਂ ਇਲਾਵਾ ਮਹਿਲਾ ਸ਼ਕਤੀਕਰਨ ਨੂੰ ਹੱਲਾਸ਼ੇਰੀ ਦੇਣ ਦੇ ਨਾਲ-ਨਾਲ ਪੋਸ਼ਣ ਨੂੰ ਲੈ ਕੇ ਸਿਖਿਅਤ ਕਰਨ ਅਤੇ ਸਮਾਜਕ ਸੁਰੱਖਿਆ ਸੰਬੰਧੀ ਪ੍ਰੋਗਰਾਮ ਚਲਾਉਣੇ ਪੈਣਗੇ।

ਸਾਡੇ ਦੇਸ਼ ਵਿੱਚ ਵਿਟਾਮਿਨ ਏ ਅਤੇ ਆਇਰਨ ਲਈ ਕੁਝ ਪ੍ਰੋਗਰਾਮ ਚਲਾਏ ਜਾਂਦੇ ਹਨ, ਪਰ ਇਹ ਲਾਗੂ ਕਰਨ ਦੇ ਮਾਮਲੇ ਵਿੱਚ ਅਜੇ ਵੀ ਕਾਫੀ ਕਮੀਆਂ ਹਨ। ਬੱਚਿਆਂ ਲਈ ਆਇਰਨ ਸਪਲੀਮੈਂਟ ਸਿਰਪ ਦੀ ਸੂਬਿਆਂ 'ਚ ਅਕਸਰ ਕਮੀ ਰਹਿੰਦੀ ਹੈ। ਮਹਾਰਾਸ਼ਟਰ 2009 ਤੋਂ 2014 ਤੱਕ ਇੱਕ ਬਹੁ-ਪੱਖੀ ਯਤਨ ਨਾਲ ਬੱਚਿਆਂ ਦਾ ਵਿਕਾਸ ਰੁਕਣ ਦੇ ਮਾਮਲੇ 'ਚ 14 ਫੀਸਦੀ ਕਮੀ ਲਿਆਉਣ ਵਿੱਚ ਸਫਲ ਰਿਹਾ ਹੈ। ਸੂਬੇ ਦੇ ਨਿਊਟ੍ਰੀਸ਼ਨ ਮਿਸ਼ਨ ਨੇ ਨਿਊਟ੍ਰੀਸ਼ਨ ਤੇ ਹੈਲਥ ਕੇਅਰ ਵਿਭਾਗ ਵਿਚਾਲੇ ਬਿਹਤਰ ਤਾਲਮੇਲ ਨਾਲ ਕੁਪੋਸ਼ਣ ਦੇ ਬੁਰੀ ਤਰ੍ਹਾਂ ਸ਼ਿਕਾਰ ਬੱਚਿਆਂ ਦੀ ਦੇਖਭਾਲ ਲਈ ਬਿਹਤਰ ਪ੍ਰਬੰਧ ਯਕੀਨੀ ਬਣਾਏ। ਭਾਰਤ ਨੂੰ ਇਹ ਸੋਚ ਅਪਣਾਉਣ ਦੀ ਲੋੜ ਹੈ ਕਿ ਅਗਲੇ ਦਹਾਕੇ ਵਿੱਚ ਸਿਆਸੀ ਵਚਨਬੱਧਤਾ ਨਾਲ ਫੂਡ ਕੂਪਨ, ਨਕਦ ਰਕਮ ਅਤੇ ਅਜਿਹੇ ਹੀ ਹੋਰਨਾਂ ਉਪਾਵਾਂ ਨਾਲ ਭੁੱਖ ਦੇ ਵਿਰੁੱਧ ਲੜਾਈ ਲੜਨੀ ਪਵੇਗੀ। ਅਜਿਹੀਆਂ ਤਬਦੀਲੀਆਂ ਵਾਲੇ ਕਦਮਾਂ ਨੂੰ ਅਮਲ ਵਿੱਚ ਲਿਆਂਦੇ ਬਿਨਾਂ ਭਾਰਤ ਭੁੱਖਮਰੀ ਤੋਂ ਛੁਟਕਾਰਾ ਨਹੀਂ ਪਾ ਸਕੇਗਾ।

# ਮਾਂ ਬੋਲੀ ਨੂੰ ਆਪਣੇ ਕਲਮਾਂ ਵਾਲਿਆਂ ਤੋਂ ਵੱਧ ਖਤਰਾ

-ਰਮੇਸ਼ਵਰ ਸਿੰਘ



ਮੈਂ ਮਰਚੈਂਟ ਨੇਵੀ ਵਿੱਚ ਆਪਣੀ ਨੌਕਰੀ ਵਿੱਚ ਵੇਖਿਆ ਕਿ 'ਆਲੂ ਤੇ ਪੰਜਾਬੀ ਸਾਰੀ ਦੁਨੀਆ ਵਿੱਚ' ਦੀ ਕਹਾਵਤ ਸੱਚ ਹੈ। ਜੋ ਸਾਡੀ ਮਾਂ ਬੋਲੀ ਦੇ ਨਿਘਾਰ ਦਾ ਜ਼ਿਕਰ ਕਰਦੇ ਹਨ, ਕੀ ਉਨ੍ਹਾਂ ਨੇ ਰਿਪੋਰਟ ਪੂਰੀ ਦੁਨੀਆ ਘੁੰਮ ਕੇ ਤਿਆਰ ਕੀਤੀ ਹੈ? ਜਿਥੇ ਵੀ ਦੋ ਚਾਰ ਪੰਜਾਬੀ ਬੈਠੇ ਹਨ, ਪੰਜਾਬੀ ਬੋਲੀ, ਪੰਜਾਬੀ ਪਹਿਰਾਵਾ ਤੇ ਪੰਜਾਬੀ ਖਾਣਾ ਆਪਣੇ ਅਸਲ ਰੂਪ ਵਿੱਚ ਮੌਜੂਦ ਹੈ। ਯੂਰਪ ਵਿੱਚ 'ਨਾਨੀ ਦੀ ਦੁਕਾਨ' ਮੌਜੂਦ ਹੈ। ਨਾਨੀ ਨਾ ਰਹੀ, ਪਰ ਉਸ ਦਾ ਪੰਜਾਬੀ ਵਿਰਸਾ ਜ਼ਿੰਦਾ ਹੈ। ਗੋਰੇ ਵੀ ਉਸ ਨੂੰ ਨਾਨੀ ਦੀ ਦੁਕਾਨ ਕਹਿੰਦੇ ਹਨ। ਆਪਣੀ ਮਰਜ਼ੀ ਤੇ ਸੌਖ ਲਈ ਜਿਵੇਂ ਉਨ੍ਹਾਂ ਨੇ ਭਾਰਤ ਨੂੰ ਇੰਡੀਆ ਬਣਾ ਦਿੱਤਾ ਤੇ ਅਸੀਂ ਮਨਜ਼ੂਰ ਕਰ ਲਿਆ, ਉਸੇ ਤਰ੍ਹਾਂ ਉਹ 'ਨਾਨੀ ਦੀ ਦੁਕਾਨ' ਦਾ ਤਰਜਮਾ ਕਰਕੇ ਇਸ ਨੂੰ ਆਪਣਾ ਕੋਈ ਨਾਂਅ ਕਿਉਂ ਨਹੀਂ ਦੇ ਦਿੰਦੇ? ਉਨ੍ਹਾਂ ਨੇ ਨਹੀਂ ਦਿੱਤਾ। ਦੇ ਵੀ ਸਕਦੇ। ਪੰਜਾਬੀ ਜ਼ੁਬਾਨ ਹੀ ਅਜਿਹੀ ਹੈ।

ਇਕ ਖਾਸ ਉਦਾਹਰਣ ਹੈ, ਆਪਣੀ ਇਕ ਪੰਜਾਬੀ ਭੈਣ ਨੇ ਘਰ ਵਿੱਚ ਖਾਣ ਲਈ ਕੜਾਹ ਬਣਾ ਲਿਆ। ਥੋੜ੍ਹਾ ਚੜ੍ਹ ਗਿਆ, ਸੁਆਦ ਵਿੱਚ ਫਰਕ ਆਉਣਾ ਹੀ ਸੀ। ਘਰ ਵਾਲਿਆਂ ਨੇ ਖਾਣ ਤੋਂ ਨਾਂਹ ਕਰ ਦਿੱਤੀ। ਉਨ੍ਹਾਂ ਦੀ ਯੂਰਪੀਨ ਖਾਣੇ ਦੀ ਦੁਕਾਨ ਸੀ। ਉਸ ਬੀਬੀ ਨੇ ਦੁਕਾਨ 'ਤੇ ਵੇਚਣ ਲਈ ਰੱਖ ਦਿੱਤਾ। ਗੋਰਿਆਂ ਨੂੰ ਇਹ ਏਨਾ ਸੁਆਦ ਲੱਗਾ ਕਿ ਚਾਰ ਪੰਜ ਦਹਾਕਿਆਂ ਤੋਂ ਉਸ ਭੈਣ ਦਾ ਪਰਵਾਰ ਕੜਾਹ ਨੂੰ ਚੜ੍ਹਾ ਕੇ (ਥੋੜ੍ਹਾ ਕੌੜਾ ਕਰਕੇ) ਬਣਾ ਰਿਹਾ ਹੈ। ਕੀ ਇਹ ਕਮਾਲ ਨਹੀਂ ਪੰਜਾਬੀ ਖਾਣੇ ਦਾ। ਮੇਰੇ ਨਾਲ ਕੰਮ ਕਰਦੇ ਰੂਸੀ, ਚੀਨੀ, ਬਰਮੀ, ਫਿਲਪੀਨੋ, ਸ੍ਰੀਲੰਕਾ ਤੇ ਹੋਰ ਦੇਸ਼ਾਂ ਦੇ ਲੋਕ ਮੈਥੋਂ ਪੰਜਾਬੀ ਬੋਲਣਾ ਸਿੱਖਦੇ ਹਨ, ਖਾਸ ਤੌਰ 'ਤੇ ਗੀਤ ਅਤੇ ਪੰਜਾਬੀ ਗਾਲਾਂ। ਇਕ ਵਾਰ ਪੰਜਾਬੀ ਬੋਲੀ ਦੇ ਕਿਸੇ ਵੀ ਰੂਪ ਦਾ ਉਨ੍ਹਾਂ ਨੂੰ ਅੰਗਰੇਜ਼ੀ ਵਿੱਚ ਮਤਲਬ ਸਮਝਾ ਦੇਵੋ, ਦੂਸਰੇ ਦਿਨ ਅਸਲੀ ਰੂਪ ਵਿੱਚ ਸੁਣ ਲਵੋ। ਵਿਦੇਸ਼ੀਆਂ ਦਾ ਕਹਿਣਾ ਹੈ ਕਿ ਪੰਜਾਬੀ ਬੋਲੀ ਸਿੱਖਣੀ ਬਹੁਤ ਆਸਾਨ ਹੈ। ਕਿੱਥੇ ਹੈ ਖਤਰਾ?

ਸਮੁੰਦਰੀ ਜਹਾਜ਼ ਵਿੱਚ ਆਪਣੇ ਦੱਖਣੀ ਤੇ ਵਿਦੇਸ਼ੀ ਭੈਣ ਭਰਾ ਮੈਨੂੰ ਪੰਜਾਬੀ ਖਾਣਾ ਬਣਾਉਣ ਲਈ ਕਹਿੰਦੇ ਹਨ। ਕਿਉਂ? ਕਿਉਂਕਿ ਇਹ ਸੁਆਦਲਾ ਹੁੰਦਾ ਹੈ। ਸੈਂਕੜੇ ਵਿਦੇਸ਼ੀ ਭੈਣਾਂ ਨੇ ਮੇਰੇ ਕੋਲੋਂ ਪੰਜਾਬੀ ਸੂਟ ਖਾਸ ਤੌਰ 'ਤੇ ਪਟਿਆਲਾ ਸੂਟਾਂ ਦੀ ਮੰਗ ਪੂਰੀ ਕਰਵਾਈ ਹੈ। ਇਹ ਕੁਝ ਹਾਲਾਤ ਮੈਂ ਖੁਦ ਵੇਖੇ ਤੇ ਹੰਢਾਏ ਹਨ। ਜਦੋਂ ਤੱਕ ਪੰਜਾਬ ਅਤੇ ਪੰਜਾਬੀ ਸੱਭਿਅਤਾ ਦੀ ਅਜਿਹੀ ਖਿੱਚ ਬਰਕਰਾਰ ਹੈ, ਪੰਜਾਬੀ ਨੂੰ ਕੋਈ ਖਤਰਾ ਨਹੀਂ।

ਸਾਹਿਤਕਾਰ ਪੰਜਾਬੀ ਮਾਂ ਬੋਲੀ ਦੇ ਜੇਠੇ ਪੁੱਤਰ ਹਨ। ਰੱਬ ਨੇ ਉਨ੍ਹਾਂ ਦੇ ਹੱਥ ਵਿੱਚ ਕਲਮ ਅਤੇ ਮਹਾਨ ਕਲਪਨਾ ਸ਼ਕਤੀ ਦਿੱਤੀ ਹੈ, ਪਰ ਕੀ ਉਹ ਉਸ ਨੂੰ ਸਹੀ ਵਰਤਦੇ ਹਨ? ਹਰ ਪਿੰਡ ਜਾਂ ਸ਼ਹਿਰ ਵਿੱਚ ਇਕ ਸਾਹਿਤ ਸਭਾ ਚਾਹੀਦੀ ਹੈ, ਪਰ ਨਹੀਂ, ਇਥੇ ਵੀ ਰਾਜਨੀਤੀ ਘਰ ਕਰ ਗਈ ਹੈ। ਮੇਰਾ ਦੋ ਵੱਡੇ ਸ਼ਹਿਰ ਨਾਲ ਸਬੰਧ ਹੈ। ਦੋਵੇਂ ਸ਼ਹਿਰ ਜ਼ਿਲੇ ਦਾ ਰੁਤਬਾ ਰੱਖਦੇ ਹਨ। ਦੋਵਾਂ ਸ਼ਹਿਰਾਂ ਵਿੱਚ ਸਾਹਿਤਕਾਰਾਂ ਤੇ ਬੁੱਧੀਜੀਵੀਆਂ ਦੇ ਨਾਮ ਲਿਖਣ ਲੱਗਾ ਤਾਂ ਪੂਰਾ ਲੇਖ ਨਾਮਾਂ ਨਾਲ ਭਰ ਜਾਵੇਗਾ। ਅਫਸੋਸ ਇਹ ਹੈ ਕਿ ਦੋਵਾਂ ਸ਼ਹਿਰਾਂ ਵਿੱਚ ਦੱਸ-ਦੱਸ ਸਾਹਿਤਕ ਸਭਾਵਾਂ ਬਣੀਆਂ ਹੋਈਆਂ ਹਨ। ਖਤਰਾ ਸਾਨੂੰ ਇਹੋ ਜਿਹੇ ਰੁਝਾਨ ਤੋਂ ਹੈ।

ਪੰਜਾਬੀ ਅਖਬਾਰਾਂ ਵਿੱਚ ਸਾਹਿਤਕ ਮਿਲਣੀਆਂ ਦੀ ਜੇ ਰਿਪੋਰਟ ਛਪਦੀ ਹੈ ਤਾਂ ਉਹ ਹਕੀਕਤ ਤੋਂ ਕੋਹਾਂ ਦੂਰ ਹੁੰਦੀ ਹੈ। ਮਾਂ ਬੋਲੀ ਦੀ ਕੀ ਸਥਿਤੀ ਹੈ, ਇਸ ਬਾਰੇ ਕੋਈ ਗੱਲਬਾਤ ਨਹੀਂ ਹੁੰਦੀ। ਸਾਡੇ ਘਰਾਂ ਵਿੱਚ ਜੋ ਬਜ਼ੁਰਗਾਂ ਦਾ ਹਾਲ ਹੈ, ਉਹੀ ਹਾਲ ਮਾਂ ਬੋਲੀ ਪੰਜਾਬੀ ਦਾ ਹੁੰਦਾ ਹੈ। ਸਾਹਿਤਕ ਸੰਸਥਾਵਾਂ ਸਿਰਫ ਵਿਖਾਵਾ ਹਨ। ਉਹ ਪੰਜਾਬੀ ਭਾਸ਼ਾ ਦੇ ਵਿਕਾਸ ਨੂੰ ਘੱਟ ਅਤੇ ਨਿੱਜ ਦੀ ਚੜ੍ਹਤ ਨੂੰ ਵਧ ਸਮਰਪਿਤ ਹਨ। ਜੋ ਸੰਸਥਾਵਾਂ ਮਿਲ ਕੇ ਬੈਠ ਨਹੀਂ ਸਕਦੀਆਂ, ਉਹ ਮਾਂ ਬੋਲੀ ਪੰਜਾਬੀ ਦੀ ਕੀ ਸੇਵਾ ਕਰਨਗੀਆਂ। ਪੰਜਾਬੀ ਅਖਬਾਰਾਂ ਰੋਜ਼ ਸਾਹਿਤਕ ਸਮੱਗਰੀ ਛਾਪਦੀਆਂ ਹਨ। ਕੀ ਛਾਪਣਾ ਹੈ, ਹਰ ਅਖਬਾਰ ਦਾ ਆਪਣਾ ਪੱਧਰ ਹੈ। ਉਨ੍ਹਾਂ ਦੇ ਪੰਨਿਆਂ 'ਤੇ ਪੁਰਾਣੇ ਸਥਾਪਿਤ ਲੇਖਕ ਛਪਦੇ ਹਨ, ਨਵਾਂ ਲੇਖਕ ਹਾੜੀ ਸੌਣੀ ਵਿੱਚ ਇਕ ਕਦੇ-ਕਦੇ ਹੀ ਪੜ੍ਹਨ ਨੂੰ ਮਿਲਦਾ ਹੈ।

ਪੰਜਾਬੀ ਭਾਸ਼ਾ ਦਾ ਪਸਾਰ ਕਰਨ ਲਈ ਰੇਡੀਓ ਅਤੇ ਟੀ ਵੀ ਹਨ। ਅਨੇਕਾਂ ਪੰਜਾਬੀ ਚੈਨਲ ਹਨ। ਪ੍ਰਾਈਵੇਟ ਚੈਨਲਾਂ ਦਾ ਜ਼ਿਕਰ ਨਾ ਹੀ ਕੀਤਾ ਜਾਵੇ ਤਾਂ ਠੀਕ ਰਹੇਗੀ, ਸਭ ਦਾ 'ਮਨੋਰਥ ਪੈਸਾ ਕਮਾਉਣਾ, ਭਾਸ਼ਾ ਤੋਂ ਉਨ੍ਹਾਂ ਕੀ ਲੈਣਾ ਹੈ।' ਲੋਕ ਪ੍ਰਸਾਰਨ ਸੇਵਾ, ਪ੍ਰਸਾਰ ਭਾਰਤੀ ਕਾਰਪੋਰੇਸ਼ਨ ਦੇ ਜਲੰਧਰ, ਪਟਿਆਲਾ, ਬਠਿੰਡਾ ਤੇ ਲੁਧਿਆਣਾ ਮੁੱਖ ਚੈਨਲ ਹਨ। ਉਨ੍ਹਾਂ ਚੈਨਲਾਂ 'ਤੇ ਕੀ ਪਰੋਸਿਆ ਜਾ ਰਿਹਾ ਹੈ, ਕੀ ਕਿਸੇ ਸਾਹਿਤਕ ਸਭਾ ਵਾਲੇ ਵੀਰ ਭੈਣ ਨੂੰ ਪਤਾ ਹੈ? ਆਕਾਸ਼ਵਾਣੀ ਜਲੰਧਰ ਦੀ ਪ੍ਰਸਾਰਨ ਸੇਵਾ ਸਿਰਕੱਢ ਹੈ। ਇਸ ਦਾ ਪ੍ਰਸਾਰਨ ਚੌਵੀ ਘੰਟੇ ਹੈ ਤੇ ਪੂਰੀ ਦੁਨੀਆ ਵਿੱਚ ਵੱਖ-ਵੱਖ ਤਕਨੀਕਾਂ ਨਾਲ ਸੁਣਾਈ ਦਿੰਦਾ ਹੈ। ਇਸ 'ਤੇ ਕੀ ਪਰੋਸਿਆ ਜਾਂਦਾ ਹੈ, ਅਲੱਗ ਵਿਸ਼ਾ ਹੈ। ਇਕ ਗੱਲ ਵਿਚਾਰਨ ਯੋਗ ਹੈ ਕਿ ਆਕਾਸ਼ਵਾਣੀ ਜਲੰਧਰ ਜਾਂ ਪੰਜਾਬੀ ਪਸਾਰ ਸੇਵਾ ਨੂੰ ਏ ਆਈ ਆਰ ਪੰਜਾਬੀ ਬੋਲੀ ਜਾਂਦੇ ਹਨ। ਗੀਤ ਨੂੰ ਟਰੈਕ, ਆਨੰਦ ਮਾਣੋ ਨੂੰ ਇਨ-ਜੁਆਏ ਕਰੋ, ਗੀਤ ਤੋਂ ਬਾਅਦ ਨੂੰ ਗੀਤ ਦੇ ਉਸ ਪਾਰ, ਪ੍ਰੋਗਰਾਮ ਖਤਮ ਹੋ ਰਿਹਾ ਹੈ ਨੂੰ ਵਾਈਂਡਅੱਪ! ਕੀ ਅਜਿਹਾ ਕੁਝ ਕਦੇ ਬੁੱਧੀਜੀਵੀਆਂ ਨੇ ਨਿੰਦਿਆ ਹੈ?

ਦੂਰਦਰਸ਼ਨ ਜਲੰਧਰ, ਦੂਰਦਰਸ਼ਨ ਪੰਜਾਬੀ ਟੀ ਵੀ ਲੋਕ ਪ੍ਰਸਾਰਨ ਸੇਵਾ ਹੈ। ਇਸ ਦੇ ਨਿਰਮਾਤਾ, ਨਿਰਦੇਸ਼ਕ ਪੰਜਾਬੀ ਭਾਸ਼ਾ ਨਹੀਂ ਜਾਣਦੇ। ਉਹ ਆਪਣੀ ਬੋਲੀ ਹਿੰਦੀ ਤੇ ਆਪਣੇ ਪਹਿਰਾਵੇ ਨੂੰ ਡੀ ਡੀ ਪੰਜਾਬੀ 'ਤੇ ਪ੍ਰਫੁਲਤ ਕਰ ਰਹੇ ਹਨ। ਕੀ ਕਲਮਾਂ ਵਾਲੇ ਆਪਣੇ ਚੈਨਲਾਂ ਨੂੰ ਵੇਖਦੇ ਸੁਣਦੇ ਨਹੀਂ ਜਾਂ ਕਬੂਤਰ ਵਾਂਗ ਅੱਖਾਂ ਬੰਦ ਕਰਕੇ ਬੈਠੇ ਹਨ? ਅਜਿਹੀ ਪਹੁੰਚ ਤਿਆਗੋਗੇ ਅਤੇ ਨਿੱਜੀ ਹਿੱਤਾਂ ਤੋਂ ਉਚੇ ਉਠੋਗੇ ਤਾਂ ਮਾਂ ਬੋਲੀ ਨੂੰ ਅੱਧਾ ਖਤਰਾ ਆਪਣੇ ਆਪ ਦੂਰ ਹੋ ਜਾਏਗਾ।

## ਮਿੰਨੀ ਕਹਾਣੀਆਂ

### ਖਿੜਕੀ

-ਮਾਸਟਰ ਸੁਖਵਿੰਦਰ ਦਾਨਗੜ੍ਹ

ਟਰੱਕ ਦੀ ਖਿੜਕੀ ਉਤੇ ਲਿਖਿਆ ਸੀ, 'ਵਾਹਿਗੁਰੂ ਬੋਲ, ਖਿੜ੍ਹਕੀ ਖੋਲ੍ਹ।'

ਅਚਾਨਕ ਸੜਕ ਉੱਤੇ ਕਈ ਡੰਗਰ ਅੱਗੇ ਆਉਣ ਕਰ ਕੇ ਡਰਾਈਵਰ ਨੂੰ ਪੂਰੀ ਰਫਤਾਰ ਤੇ ਚਲਦਾ ਟਰੱਕ ਰੋਕਣਾ ਪਿਆ। ਉਸ ਦੇ ਗੁੱਸੇ ਦੀ ਕੋਈ ਹੱਦ ਨਾ ਰਹੀ। ਉਸ ਨੇ ਡੰਗਰਾਂ ਦੇ ਪਾਲੀ ਉਤੇ ਕਚੀਚੀਆਂ ਲੈਂਦੇ ਹੋਏ ਨੇ ਖਿੜਕੀ ਖੋਲ੍ਹੀ ਤੇ ਬੋਲਿਆ, "ਕੰਜਰ ਦਿਆ ਪੁੱਤਰਾ, ਤੈਨੂੰ ਦੀਹਦਾ 'ਨੀ ਅੱਗੇ ਟਰੱਕ ਆਉਂਦੈ...ਭਜਾ ਕੇ ਮੱਝਾਂ ਅੱਗੇ ਕਰ ਲਈਆਂ। ਮੇਰਾ ਸਾਲਾ ਨਾ ਹੋਵੇ ਤਾਂ, ਪਰੇ ਹਟਾ ਇਨ੍ਹਾਂ ਨੂੰ ਛੇਤੀ ਦੇਣੇ।" ਉਸ ਨੇ ਖਿੜਕੀ ਬੰਦ ਕੀਤੀ ਅਤੇ ਟਰੱਕ ਤੋਰ ਕੇ ਲੈ ਗਿਆ।

### ਪੱਥਰ

-ਬਲਬੀਰ ਸਿੰਘ ਬੱਬੀ

ਮੇਰੇ ਰਿਸ਼ਤੇਦਾਰ ਸੁਖਦੇਵ ਸਿੰਘ ਦੀ ਲੜਕੀ ਦੇ ਤੀਜਾ ਬੱਚਾ ਧੀ ਪੈਦਾ ਹੋਈ। ਉਸ ਤੋਂ ਪਹਿਲਾਂ ਵੀ ਦੋ ਲੜਕੀਆਂ ਸਨ। ਖਬਰਸਾਰ ਲਈ ਮੈਂ ਲੜਕੀ ਦੇ ਪਿੰਡ ਪਰਵਾਰ ਸਮੇਤ ਗਿਆ। ਜਦੋਂ ਘਰ ਵੜੇ ਤਾਂ ਸਭ ਤੋਂ ਪਹਿਲਾਂ ਲੜਕੀ ਦੀ ਸੱਸ ਬੈਠੀ ਮਿਲੀ। ਮੈਂ ਸੁੱਖ-ਸਾਂਦ ਪੁੱਛ ਕੇ ਲੜਕੀ ਦਾ ਹਾਲ-ਚਾਲ ਪੁੱਛਿਆ ਤਾਂ ਮਾਈ ਬੋਲੀ, "ਕੀ ਦੱਸਾਂ, ਦੋ ਪੱਥਰ ਪਹਿਲਾਂ ਈ, ਤੇ ਆਹ ਇੱਕ ਪੱਥਰ ਰੱਬ ਨੇ ਹੋਰ ਸੁੱਟ 'ਤਾ। ਪਤਾ ਨੀਂ ਸਾਥੋਂ...।"

ਘਰ ਆ ਕੇ ਮੇਰੀ ਅੱਠ ਸਾਲ ਦੀ ਬੇਟੀ ਸੰਦੀਪ ਜੋ ਸਾਡੇ ਨਾਲ ਗਈ ਸੀ, ਕਹਿੰਦੀ, "ਡੈਡੀ ਪੱਥਰ ਕੀ ਹੁੰਦੈ, ਜੋ ਉਥੇ ਬੇਬੇ ਕਹਿੰਦੀ ਸੀ?"

### ਮੁੱਲ

-ਮਾਸਟਰ ਸੁਖਵਿੰਦਰ ਦਾਨਗੜ੍ਹ

ਨਾਜਰ ਸਿੰਘ ਦੇ ਘਰ ਵਿੱਚ ਨਿੰਮ ਦਾ ਰੁੱਖ ਸੀ। ਨਾਜਰ ਨੇ ਉਸ ਨੂੰ ਆਪਣੇ ਪੁੱਤਰ ਵਾਂਗ ਪਾਲਿਆ ਸੀ। ਕਿਸੇ ਵੇਲੇ ਉਸ ਦੀ ਛਾਂ ਹੇਠਾਂ ਸਾਰਾ ਪਰਵਾਰ ਰੌਣਕਾਂ ਲਾਈ ਰੱਖਦਾ ਸੀ। ਨਾਜਰ ਦੀਆਂ ਦੋਵੇਂ ਧੀਆਂ ਤੇ ਪੁੱਤਰ ਇਸ ਨਿੰਮ ਦੇ ਹੇਠਾਂ ਹੀ ਪੀਂਘਾ ਝੂਟ ਕੇ ਜਵਾਨ ਹੋਏ ਸਨ। ਬੁੱਢੀ ਉਮਰੇ ਭਾਵੇਂ ਉਸ ਦੇ ਚੇਤੇ ਵਿੱਚੋਂ ਨਮੋਲੀਆਂ ਦਾ ਸਾਬਣ ਬਣਾਉਣ ਦਾ ਗੁਰ ਵਿਸਰ ਗਿਆ, ਪਰ ਉਸ ਨੂੰ ਸੱਕ ਰਗੜ ਕੇ ਲਹੂ ਪੀਣੇ ਫੋੜੇ ਦਾ ਕੀਤਾ ਇਲਾਜ ਅੱਜ ਵੀ ਚੰਗੀ ਤਰ੍ਹਾਂ ਯਾਦ ਸੀ। ਨਿੰਮ ਦੀ ਦਾਤਣ ਕੀਤੇ ਬਗੈਰ ਉਸ ਨੇ ਕਦੇ ਚਾਹ ਨਹੀਂ ਪੀਤੀ ਸੀ। ਨਾਜਰ ਦੀ ਇਸ ਰੁੱਖ ਨਾਲ ਬਹੁਤ ਪੀਡੀ ਸਾਂਝ ਪੈ ਗਈ ਸੀ ਕਿਉਂ ਜੋ ਉਸ ਨੇ ਆਪਣੇ ਪੁੱਤਰ ਕਰਮ ਦੇ ਜੰਮਣ ਵੇਲੇ ਅਤੇ ਪੋਤਾ ਹੋਣ ਵੇਲੇ ਇਸੇ ਹੀ ਨਿੰਮ ਦੇ ਪੱਤੇ ਬੰਨ੍ਹੇ ਸਨ।

ਨਾਜਰ ਦੀ ਨੂੰਹ ਵਿਹੜਾ ਸਾਫ ਕਰਨ ਵੇਲੇ ਨਿੰਮ ਦੇ ਝੜੇ ਹੋਏ ਪੱਤੇ ਵੇਖ ਕੇ ਹਰ ਸਮੇਂ ਕਿਚ ਕਿਚ ਕਰਦੀ ਰਹਿੰਦੀ ਸੀ। ਇੱਕ ਦਿਨ ਉਸ ਨੇ ਆਪਣੇ ਪਤੀ ਕਰਮੇ ਨੂੰ ਕਿਹਾ, "ਮੈਥੋਂ ਨੀਂ ਐਨਾ ਕੂੜ੍ਹਾ ਨਿੱਤ ਹੂੰਝਿਆ ਜਾਂਦਾ, ਉੱਤੋਂ ਸਾਰਾ ਦਿਨ ਪੰਛੀ ਵਿਹੜੇ ਵਿੱਚ ਗੰਦ ਪਾਈ ਰੱਖਦੇ ਨੇ।"

ਰੋਜ਼ ਦੀ ਬੁੜ ਬੁੜ ਤੋਂ ਖਿੱਝੇ ਕਰਮੇ ਨੇ ਆਖਰ ਨਾਜਰ ਨੂੰ ਬਗੈਰ ਦੱਸੇ ਹੀ ਨਿੰਮ ਨੂੰ ਵੇਚਣ ਦਾ ਫੈਸਲਾ ਕਰ ਲਿਆ। ਉਸ ਨੇ ਸ਼ਹਿਰ ਤੋਂ ਵਾਢ ਵਾਲੇ ਬੰਦੇ ਬੁਲਾ ਕੇ ਰੁੱਖ ਦਾ ਮੁੱਲ ਪੰਜ ਹਜ਼ਾਰ ਰੁਪਏ ਕਰ ਦਿੱਤਾ। ਇਹ ਸੁਣ ਕੇ ਕੋਲ ਖੜ੍ਹੇ ਕਰਮੇ ਦਾ ਪੁੱਤਰ ਬੋਲਿਆ, "ਪਾਪਾ, ਏਨਾ ਘੱਟ ਮੁੱਲ? ਮੈਂ ਵਿਗਿਆਨ ਦੀ ਕਿਤਾਬ ਵਿੱਚ ਪੜ੍ਹਿਐ ਕਿ ਦਸ ਲੱਖ ਰੁਪਏ ਦੀ ਤਾਂ ਇੱਕ ਰੁੱਖ ਆਪਾਂ ਨੂੰ ਸਾਹ ਲੈਣ ਲਈ ਆਕਸੀਜਨ ਗੈਸ ਹੀ ਦੇ ਦਿੰਦੈ।"

ਰੁੱਖ ਦੇ ਇੱਕ ਹੋਰ ਅਣਮੁੱਲੇ ਗੁਣ ਬਾਰੇ ਸੁਣ ਕੇ ਦੂਰ ਖੜ੍ਹੇ ਬੇਵੱਸ ਨਾਜ਼ਰ ਦੀਆਂ ਅੱਖਾਂ ਭਰ ਆਈਆਂ।

## ਸੁਫਨੇ

-ਬਲਬੀਰ ਸਿੰਘ ਬੱਬੀ-

ਸੁਫਨੇ ਉਹ ਨਹੀਂ ਹੁੰਦੇ
ਜੋ ਗੂੜ੍ਹੀ ਨੀਂਦ ਵਿੱਚ
ਸੌਣ ਤੋਂ ਬਾਅਦ ਆਉਂਦੇ ਹਨ
ਸੁਫਨੇ ਤਾਂ ਪਿਆਰਿਓ
ਉਹ ਹੁੰਦੇ ਹਨ
ਜੋ ਸਾਨੂੰ ਸੌਣ ਹੀ ਨਾ ਦੇਣ
ਨੀਂਦ ਵਿੱਚ ਲਿਆ ਸੁਫਨਾ ਤਾਂ
ਦਿਨ ਵਿੱਚ ਵਾਪਰੀ ਹੋਈ
ਅਜੀਬ ਤੇ ਅਸੀਮ ਘਟਨਾ ਦਾ
ਰੂਪ ਹੀ ਹੁੰਦਾ ਜਾਪਦੈ

ਮੰਜ਼ਿਲਾਂ ਨੂੰ ਸਰ ਕਰਨ ਵਾਲੇ
ਕਦੇ ਨੀਂਦ ਦੇ ਸੁਫਨੇ ਲੈ
ਆਪਣੇ ਮਿਸ਼ਨ 'ਤੇ ਨਹੀਂ ਚੜ੍ਹਦੇ
ਉਨ੍ਹਾਂ ਦਾ ਸੁਪਨਸਾਜ਼ ਤਾਂ
ਇੱਕ ਮਿੱਥ ਹੁੰਦੀ ਹੈ


ਉਹ ਕਦੇ ਮਾਊਂਟ ਐਵਰੈਸਟ ਉੱਤੇ
ਨਹੀਂ ਚੜ੍ਹ ਸਕੇਗਾ
ਜੋ ਰਾਤ ਵੇਲੇ ਨੀਂਦ 'ਚ ਪਿਆ
ਇਹ ਸੁਫਨਾ ਲਏ
ਕਿ ਮੈਂ ਚੋਟੀ ਸਰ ਕਰਾਂ
ਨੀਂਦਰੇ ਸੁਫਨਿਆਂ ਦੇ ਸੱਚ ਨੂੰ
ਉਹ ਸਵੀਕਾਰੇਗਾ ਜੋ ਸਿਰਫ
ਸੁਫਨਿਆਂ ਵਿੱਚ ਹੀ
ਵਿਸ਼ਵਾਸ ਕਰਦਾ ਹੋਵੇ

ਮੈਂ ਨਹੀਂ ਕਹਿੰਦਾ
ਅਤੇ ਨਾ ਹੀ ਰੋਕਦਾ
ਕਿ ਸੁਫਨੇ ਨਾ ਲਓ
ਸੁਫਨੇ ਲਓ ਜ਼ਰੂਰ ਲਓ
ਪਰ ਸੁਫਨੇ ਉਹੀ ਲਓ
ਜੋ ਸਮਾਜ ਸਾਹਮਣੇ ਆਉਣ
ਸਾਰੇ ਸਮਾਜ ਨੂੰ ਉਹ ਸੁਫਨਾ

ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਵਿਰੋਧੀ ਧਿਰ ਦੀ ਏਕਤਾ ਹੋਣੀ ਮੁਸ਼ਕਲ, ਪਰ ਕੋਸ਼ਿਸ਼ ਕਰਨ ਵਿੱਚ ਕੋਈ ਨੁਕਸਾਨ ਨਹੀਂ

-ਕਲਿਆਣੀ ਸ਼ੰਕਰ-



ਕੀ ਵਿਰੋਧੀ ਧਿਰ ਇਕਜੁੱਟ ਹੋ ਕੇ ਆਉਣ ਵਾਲੇ ਮਹੀਨਿਆਂ ਵਿੱਚ ਭਾਜਪਾ ਲਈ ਇੱਕ ਚੁਣੌਤੀ ਪੈਦਾ ਕਰ ਸਕਦੀ ਹੈ? ਇਸ ਵਿੱਚ ਕਈ ਕਿੰਤੂ-ਪ੍ਰੰਤੂ ਹਨ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਬੀਤੇ ਸ਼ਨੀਵਾਰ ਕੋਲਕਾਤਾ ਦੇ ਬ੍ਰਿਗੇਡ ਮੈਦਾਨ ਵਿੱਚ ਇੱਕ ਵਿਸ਼ਾਲ ਰੈਲੀ ਕੀਤੀ ਸੀ। ਕੇਂਦਰ ਵਿੱਚ ਸੱਤਾਧਾਰੀ ਭਾਜਪਾ ਦੇ ਵਿਰੁੱਧ ਗਠਜੋੜ ਬਣਾਉਣ ਲਈ ਰੂਪ-ਰੇਖਾ ਤਿਆਰ ਕਰਨ ਵਾਸਤੇ ਵਿਰੋਧੀ ਪਾਰਟੀਆਂ ਦੇ ਨੇਤਾ ਇੱਕਠੇ ਹੋਏ ਤੇ 'ਯੂਨਾਈਟਿਡ ਇੰਡੀਆ ਰੈਲੀ' ਨੂੰ ਸੰਬੋਧਨ ਕਰਦਿਆਂ ਮਮਤਾ ਬੈਨਰਜੀ ਨੇ ਭਵਿੱਖਬਾਣੀ ਕੀਤੀ ਕਿ ਭਾਜਪਾ ਦੇ ਦਿਨ ਗਿਣੇ-ਚੁਣੇ ਰਹਿ ਗਏ ਹਨ ਅਤੇ ਮੋਦੀ ਸਰਕਾਰ ਦੀ 'ਐਕਸਪਾਇਰੀ ਡੇਟ' ਨਿਕਲ ਚੁੱਕੀ ਹੈ। ਇਹ ਰੈਲੀ ਸ਼ਾਇਦ ਭਾਜਪਾ ਦੀ ਸਰਕਾਰ ਨੂੰ ਬਾਹਰਲਾ ਰਸਤਾ ਦਿਖਾਉਣ ਲਈ ਇਸ ਸਾਲ ਦੀਆਂ ਆਮ ਚੋਣਾਂ ਤੋਂ ਪਹਿਲਾਂ ਵਿਰੋਧੀ ਧਿਰ ਦੇ ਯਤਨਾਂ ਦੀ ਸ਼ੁਰੂਆਤ ਸੀ। ਇਸ ਤੋਂ ਪਹਿਲਾਂ ਮਈ ਵਿੱਚ ਜਦੋਂ ਕਰਨਾਟਕ ਦੇ ਮੁੱਖ ਮੰਤਰੀ ਐਚ ਡੀ ਕੁਮਾਰਸਵਾਮੀ ਨੇ ਕਈ ਨੇਤਾਵਾਂ ਦੀ ਮੌਜੂਦਗੀ ਵਿੱਚ ਅਹੁਦੇ ਦੀ ਸਹੁੰ ਚੁੱਕੀ ਸੀ, ਉਸ ਪਿੱਛੋਂ ਕੋਈ ਗੱਲ ਅੱਗੇ ਨਹੀਂ ਵਧੀ, ਪਰ ਇਸ ਵਾਰ ਆਸ ਹੈ ਕਿ ਆਂਧਰਾ ਪ੍ਰਦੇਸ਼ ਦੇ ਅਮਰਾਵਤੀ ਵਿੱਚ ਐਨ. ਚੰਦਰਬਾਬੂ ਨਾਇਡੂ ਵੱਲੋਂ ਇੱਕ ਹੋਰ ਰੈਲੀ ਕੀਤੀ ਜਾਵੇਗੀ ਤੇ ਏਦਾਂ ਦੀ ਇੱਕ ਰੈਲੀ 'ਆਮ ਆਦਮੀ ਪਾਰਟੀ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਦਿੱਲੀ ਵਿੱਚ ਵੀ ਕੀਤੀ ਜਾਵੇਗੀ।

ਕੋਲਕਾਤਾ ਦੀ ਰੈਲੀ ਵਿੱਚ ਹੋਰਨਾਂ ਤੋਂ ਇਲਾਵਾ 23 ਪਾਰਟੀਆਂ ਦੇ ਨੇਤਾ ਸ਼ਾਮਲ ਸਨ, ਜਿਨ੍ਹਾਂ ਵਿੱਚ ਸਾਬਕਾ ਪ੍ਰਧਾਨ ਮੰਤਰੀ ਐੱਚ ਡੀ ਦੇਵਗੌੜਾ, ਸਾਬਕਾ ਕੇਂਦਰੀ ਮੰਤਰੀ ਸ਼ਰਦ ਪਵਾਰ, ਤਿੰਨ ਮੁੱਖ ਮੰਤਰੀ ਚੰਦਰਬਾਬੂ ਨਾਇਡੂ, ਅਰਵਿੰਦ ਕੇਜਰੀਵਾਲ ਅਤੇ ਕੁਮਾਰਸਵਾਮੀ, ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ, ਫਾਰੂਖ ਅਬਦੁੱਲਾ, ਉਮਰ ਅਬਦੁੱਲਾ ਅਤੇ ਜੇਗੋਂਗ ਅਪਾਂਗ ਦੇ ਨਾਲ ਅਰੁਣ ਸ਼ੋਰੀ ਅਤੇ ਸ਼ਤਰੂਘਨ ਸਿਨਹਾ,ਸ਼ਾਮਲ ਸਨ। ਇਸ ਮੰਚ ਤੋਂ ਮਮਤਾ ਬੈਨਰਜੀ ਨੇ ਦੇਸ਼ ਨੂੰ ਅਪੀਲ ਕੀਤੀ ਕਿ 'ਬਦਲ ਦਿਓ, ਬਦਲ ਦਿਓ, ਦਿੱਲੀ ਵਿੱਚ ਸਰਕਾਰ ਬਦਲ ਦਿਓ'। ਹੋਰ ਬੁਲਾਰਿਆਂ ਨੇ ਵੀ ਅਜਿਹੀਆਂ ਹੀ ਭਾਵਨਾਵਾਂ ਪ੍ਰਗਟਾਈਆਂ। ਪਿਛਲੇ ਮਹੀਨੇ ਤਿੰਨ ਵੱਡੇ ਰਾਜਾਂ ਰਾਜਸਥਾਨ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਵਿੱਚ ਭਾਜਪਾ ਦੀ ਹਾਰ ਤੋਂ ਬਾਅਦ ਵਿਰੋਧੀ ਧਿਰ ਦੀ ਏਕਤਾ ਲਈ ਇਹ ਪਹਿਲੀ ਵੱਡੀ ਕੋਸ਼ਿਸ਼ ਸੀ।

ਵਿਰੋਧੀ ਧਿਰ ਆਪਣੇ ਕੋਲ ਨੇਤਾਵਾਂ ਰੂਪੀ ਦੌਲਤ ਹੋਣ ਦਾ ਦਾਅਵਾ ਕਰਦੀ ਹੈ, ਪਰ ਜਿਵੇਂ ਸਾਬਕਾ ਪ੍ਰਧਾਨ ਮੰਤਰੀ ਦੇਵਗੌੜਾ ਨੇ ਸੰਕੇਤ ਦਿੱਤਾ ਹੈ, ਵੱਖ ਵੱਖ ਪਾਰਟੀ ਆਗੂਆਂ ਲਈ ਆਪਣੇ ਮਤਭੇਦ ਭੁਲਾ ਕੇ ਇਕੱਠੇ ਹੋਣਾ ਇੱਕ ਬਹੁਤ ਵੱਡਾ ਕੰਮ ਅਤੇ ਸਮੱਸਿਆ ਹੋਵੇਗੀ। ਵੱਖ ਵੱਖ ਰੰਗਾਂ ਅਤੇ ਵਿਚਾਰਧਾਰਾਵਾਂ ਵਾਲੀਆਂ ਬਹੁਤ ਸਾਰੀਆਂ ਵਿਰੋਧੀ ਪਾਰਟੀਆਂ ਹਨ, ਜੋ ਵੱਖ ਵੱਖ ਦਿਸ਼ਾਵਾਂ ਵੱਲ ਭੱਜ ਰਹੀਆਂ ਹਨ। ਸੰਭਾਵਨਾ ਇੱਕ ਕੌਮੀ ਗਠਜੋੜ ਦੀ ਨਹੀਂ, ਸੂਬਾ ਆਧਾਰਤ ਗਠਜੋੜਾਂ ਦੀ ਹੈ। ਖੇਤਰੀ ਨੇਤਾਵਾਂ ਦਾ ਹੰਕਾਰ ਇਸ ਏਕਤਾ ਦੇ ਰਾਹ ਵਿੱਚ ਅੜਿੱਕਾ ਬਣਦਾ ਹੈ। ਅਸਲ ਵਿੱਚ ਕਾਂਗਰਸ ਪਾਰਟੀ ਇਸੇ ਰਣਨੀਤੀ ਉੱਤੇ ਕੰਮ ਕਰ ਰਹੀ ਹੈ ਤੇ ਬਾਕੀ ਪਾਰਟੀਆਂ ਵੀ।

ਮਿਸਾਲ ਵਜੋਂ ਯੂ ਪੀ ਵਿੱਚ ਕਾਂਗਰਸ ਨੂੰ ਬਾਹਰ ਰੱਖਦਿਆਂ ਸਮਾਜਵਾਈ ਪਾਰਟੀ ਅਤੇ ਬਸਪਾ ਨੇ ਇੱਕ ਹੋਣ ਦਾ ਫੈਸਲਾ ਕੀਤਾ ਹੈ। ਪੱਛਮੀ ਬੰਗਾਲ 'ਚ ਕਾਂਗਰਸ ਮਮਤਾ ਬੈਨਰਜੀ ਦੀ ਪਾਰਟੀ ਤ੍ਰਿਣਮੂਲ ਕਾਂਗਰਸ ਪਾਰਟੀ ਵੀ ਕਾਂਗਰਸ ਦਾ ਹੱਥ ਫੜੇਗੀ ਜਾਂ ਖੱਬੇ ਪੱਖੀ ਪਾਰਟੀਆਂ ਦਾ? ਕੀ ਆਂਧਰਾ ਪ੍ਰਦੇਸ਼ ਵਿੱਚ ਤੇਲਗੂ ਦੇਸ਼ਮ ਪਾਰਟੀ ਕਾਂਗਰਸ ਨਾਲ ਆਪਣੇ ਸੰਬੰਧ ਜਾਰੀ ਰੱਖੇਗੀ, ਜਿੱਥੇ ਕਾਂਗਰਸ ਦੀ ਸਥਿਤੀ ਲਗਭਗ ਜ਼ੀਰੋ ਹੈ? ਉਤਰ ਪੂਰਬ ਵਿੱਚਲੀਆਂ ਖੇਤਰੀ ਪਾਰਟੀਆਂ ਨਾਲ ਗਠਜੋੜ ਦੀ ਲੋੜ ਹੈ। ਖੱਬੀਆਂ ਪਾਰਟੀਆਂ ਇਸ ਤੋਂ ਬਾਹਰ ਹਨ, ਕਿਉਂਕਿ ਉਹ ਮਮਤਾ ਬੈਨਰਜੀ ਨਾਲ ਮੰਚ ਸਾਂਝਾ ਨਹੀਂ ਕਰਨਾ ਚਾਹੁੰਦੀਆਂ। ਤੇਲੰਗਾਨਾ ਦੇ ਮੁੱਖ ਮੰਤਰੀ ਕੇ ਚੰਦਰਸ਼ੇਖਰ ਰਾਓ, ਜੋ ਕੇਂਦਰੀ ਮੋਰਚਾ ਬਣਾਉਣ ਰੁੱਝੇ ਹੋਏ ਸਨ, ਰੈਲੀ ਵਿੱਚੋਂ ਗੈਰ-ਹਾਜ਼ਰ ਸਨ, ਕਿਉਂਕਿ ਉਹ ਚੰਦਰਬਾਬੂ ਨਾਇਡੂ ਅਤੇ ਕਾਂਗਰਸ ਦੇ ਨੇਤਾਵਾਂ ਨਾਲ ਮੰਚ ਸਾਂਝਾ ਨਹੀਂ ਕਰਨਾ ਚਾਹੁੰਦੇ। ਇਹੋ ਚੁਣੌਤੀਆਂ ਵਿਰੋਧੀ ਧਿਰ ਦੀ ਏਕਤਾ ਵਿੱਚ ਰੁਕਾਵਟ ਬਣਦੀਆਂ ਹਨ।

ਇਸ ਮੁੱਦੇ ਦਾ ਹੱਲ ਹੋਣ ਉੱਤੇ ਇਹ ਸਵਾਲ ਆਉਂਦਾ ਹੈ ਕਿ ਵਿਰੋਧੀ ਧਿਰ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਕੌਣ ਹੋਵੇਗਾ? ਫਿਲਹਾਲ ਇਸ ਨੂੰ ਇਹ ਕਹਿ ਕੇ ਠੰਢੇ ਬਸਤੇ ਵਿੱਚ ਪਾ ਦਿੱਤਾ ਗਿਆ ਹੈ ਕਿ ਇੱਕ ਸਮੂਹਿਕ ਲੀਡਰਸ਼ਿਪ ਹੋਵੇਗੀ ਤੇ ਉਮੀਦਵਾਰ ਬਾਰੇ ਫੈਸਲਾ ਚੋਣਾਂ ਤੋਂ ਬਾਅਦ ਦੀਆਂ ਸਥਿਤੀਆਂ ਦੇ ਆਧਾਰ ਉੱਤੇ ਕੀਤਾ ਜਾਵੇਗਾ। ਮਮਤਾ ਬੈਨਰਜੀ ਕਹਿੰਦੀ ਹੈ ਕਿ 'ਭਾਜਪਾ ਨੂੰ ਬਾਹਰ ਸੁੱਟ ਦਿਓ, ਅਸੀਂ ਤੈਅ ਕਰ ਲਵਾਂਗੇ ਕਿ ਕੌਣ ਪ੍ਰਧਾਨ ਮੰਤਰੀ ਬਣ ਸਕਦਾ ਹੈ'। ਇਥੋਂ ਤੱਕ ਕਾਂਗਰਸ ਵੀ ਸਹਿਮਤ ਹੈ ਕਿ ਇਹ ਫੈਸਲਾ ਚੋਣਾਂ ਤੋਂ ਬਾਅਦ ਦੀਆਂ ਸਥਿਤੀਆਂ ਮੁਤਾ-ਬਕ ਲਿਆ ਜਾਣਾ ਚਾਹੀਦਾ ਹੈ। ਇਸ ਲਈ ਕਈ ਵੱਡੇ ਨੇਤਾ ਹੋਣ ਦੇ ਬਾਵਜੂਦ ਵਿਰੋਧੀ ਧਿਰ ਮੋਦੀ ਨੂੰ ਚੁਣੌਤੀ ਦੇਣ ਵਾਲੇ ਤੋਂ ਬਿਨਾਂ ਮੈਦਾਨ ਵਿੱਚ ਉਤਰੇਗੀ।

ਤੀਜੀ ਚੁਣੌਤੀ ਖੇਤਰੀ ਨੇਤਾਵਾਂ ਅੱਗੇ ਹੋਵੇਗੀ ਕਿ ਉਹ ਆਪੋ-ਆਪਣੇ ਸੂਬਿਆਂ 'ਚ ਚੋਣਾਂ ਜਿੱਤਣ ਲਈ ਅਸਾਧਾਰਨ ਦ੍ਰਿੜ੍ਹਤਾ ਦਿਖਾਉਣ। ਉਨ੍ਹਾਂ ਨੇ 2014 ਵਿੱਚ ਪ੍ਰਭਾਵਸ਼ਾਲੀ ਗਿਣਤੀ ਵਿੱਚ ਸੀਟਾਂ ਜਿੱਤ ਕੇ ਚੰਗੀ ਕਾਰਗੁਜ਼ਾਰੀ ਦਿਖਾਈ ਸੀ। ਉਸ ਕਾਰਗੁਜ਼ਾਰੀ ਨੂੰ ਦੁਹਰਾਉਣਾ ਮੋਦੀ ਨੂੰ ਚੁਣੌਤੀ ਦੇਣ ਵਾਲਾ ਇੱਕ ਚਿਰ-ਸਥਾਈ ਕਦਮ ਸਿੱਧ ਹੋਵੇਗਾ। ਚੌਥੀ ਚੁਣੌਤੀ ਭਾਜਪਾ ਦੇ ਵਿਰੁੱਧ 'ਇੱਕ ਦੇ ਸਾਹਮਣੇ ਇੱਕ' ਦੀ ਲੜਾਈ ਹੈ। ਇਹ ਵਿਰੋਧੀ ਧਿਰ ਦੀਆਂ ਵੋਟਾਂ ਨੂੰ ਵੰਡੀਆਂ ਜਾਣ ਤੋਂ ਬਚਾਏਗਾ, ਪਰ ਅਜਿਹਾ ਮੁਸ਼ਕਲ ਲੱਗਦਾ ਹੈ। ਇਸ ਵਾਰ ਦੀਆਂ ਚੋਣਾਂ 'ਚ ਜਿੱਤ ਪ੍ਰਾਪਤ ਕਰਨ ਲਈ ਮੋਦੀ ਵੰਡੀ ਹੋਈ ਵਿਰੋਧੀ ਧਿਰ 'ਤੇ ਨਿਰਭਰ ਕਰਦੇ ਹਨ।

ਪੰਜਵੀਂ ਅਤੇ ਹੋਰ ਵੀ ਅਹਿਮ ਚੁਣੌਤੀ ਇਹ ਹੈ ਕਿ ਵਿਰੋਧੀ ਧਿਰ ਕੋਲ ਕੋਈ ਨਵੀਂ ਸਕ੍ਰਿਪਟ ਨਹੀਂ। ਸਿਰਫ ਮੋਦੀ ਨੂੰ ਨਿੰਦਣ ਨਾਲ ਉਨ੍ਹਾਂ ਨੂੰ ਵੋਟਾਂ ਨਹੀਂ ਮਿਲਣੀਆਂ, ਜਦੋਂ ਤੱਕ ਵਿਰੋਧੀ ਪਾਰਟੀਆਂ ਕਿਸੇ ਕਲਪਨਾ ਨਾਲ ਅੱਗੇ ਨਾ ਆਉਣ, ਵੋਟਰਾਂ ਵਿੱਚ ਜੋਸ਼ ਨਹੀਂ ਆਵੇਗਾ। ਮੋਦੀ ਨੇ ਆਪਣੇ ਜਾਣੇ-ਪਛਾਣੇ ਅੰਦਾਜ਼ ਵਿੱਚ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਹੈ ਕਿ 'ਭ੍ਰਿਸ਼ਟਾਚਾਰ ਨੂੰ ਲੈ ਕੇ ਮੇਰੇ ਰਵੱਈਏ' ਨੇ ਕੁਝ ਲੋਕਾਂ ਨੂੰ ਗੁੱਸਾ ਦਿਵਾਇਆ ਹੈ, ਕਿਉਂਕਿ ਮੈਂ ਉਨ੍ਹਾਂ ਲੋਕਾਂ ਦਾ ਪੈਸਾ ਲੁੱਟਣ ਤੋਂ ਰੋਕ ਦਿੱਤਾ ਹੈ। ਉਨ੍ਹਾਂ ਨੇ ਮਹਾਗਠਜੋੜ ਬਣਾ ਲਿਆ ਹੈ।'

ਇਸ ਗੱਲ ਵਿੱਚ ਸ਼ੱਕ ਨਹੀਂ ਕਿ ਵਿਰੋਧੀ ਧਿਰ ਦੀ ਏਕਤਾ ਹੋਣੀ ਮੁਸ਼ਕਲ ਹੈ, ਪਰ ਕੋਸ਼ਿਸ਼ ਕਰਨ ਵਿੱਚ ਕੋਈ ਨੁਕਸਾਨ ਨਹੀਂ। ਭਾਜਪਾ ਵੀ 2014 ਵਿੱਚ ਸਿਰਫ 31 ਫੀਸਦੀ ਵੋਟ ਹਿੱਸੇ ਨਾਲ ਸੱਤਾ ਵਿੱਚ ਆਈ ਸੀ। ਜਿਵੇਂ ਵਿਰੋਧੀ ਧਿਰ ਦੇ ਇੱਕ ਨੇਤਾ ਨੇ ਕਿਹਾ ਹੈ, 'ਮੰਜ਼ਿਲ ਬਹੁਤ ਦੂਰ ਹੈ, ਰਾਸਤਾ ਬੜਾ ਕਠਿਨ ਹੈ। ਦਿਲ ਮਿਲੇ ਨਾ ਮਿਲੇ, ਹਾਥ ਮਿਲਾ ਕੇ ਚਲੋ।' ਆਉਣ ਵਾਲੇ ਦਿਨ ਅਤੇ ਮਹੀਨੇ ਦਿਖਾਉਣਗੇ ਕਿ ਕੀ ਵਿਰੋਧੀ ਧਿਰ ਜੋ ਕਹਿੰਦੀ ਹੈ, ਉਹ ਕਰਦੀ ਵੀ ਹੈ।

# ਸਕੂਲ ਲੇਟ ਆਉਣ ਵਾਲੀ ਕੁੜੀ

-ਪ੍ਰਿੰ. ਵਿਜੈ ਕੁਮਾਰ



ਮੇਰੀ ਪਰਵਰਿਸ਼ ਤੇ ਪੜ੍ਹਾਈ ਦਾ ਵਿਲੱਖਣ ਪੱਖ ਇਹ ਰਿਹਾ ਕਿ ਮੈਨੂੰ ਇਹ ਸਿੱਖਣ ਨੂੰ ਮਿਲਿਆ ਕਿ ਅਨੁਸ਼ਾਸਨ ਤੇ ਅਸੂਲ ਸਫਲਤਾ ਦੀ ਪਹਿਲੀ ਪੌੜੀ ਹੁੰਦੇ ਹਨ। ਅਧਿਆਪਨ ਦੇ ਲੰਮੇ ਸਫਰ ਵਿੱਚ ਮੈਂ ਇਨ੍ਹਾਂ ਦੋਵਾਂ 'ਤੇ ਬੜੀ ਦ੍ਰਿੜ੍ਹਤਾ ਨਾਲ ਪਹਿਰਾ ਦਿੱਤਾ। ਜਮਾਤ ਇੰਚਾਰਜ ਅਤੇ ਪ੍ਰਿੰਸੀਪਲ ਵਜੋਂ ਮੈਂ ਆਪਣੇ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਨੂੰ ਸਕੂਲ ਦੇਰ ਨਾਲ ਆਉਣ ਤੋਂ ਰੋਕਦਾ ਰਿਹਾ। ਮੈਂ ਸਕੂਲ ਲੱਗਣ ਤੋਂ ਪੰਜ ਮਿੰਟ ਪਹਿਲਾਂ ਸਕੂਲ ਦੇ ਗੇਟ 'ਤੇ ਖੜ੍ਹ ਜਾਂਦਾ ਸਾਂ। ਸਕੂਲ ਦੇਰ ਨਾਲ ਆਉਣ ਵਾਲੀ ਹਰ ਵਿਦਿਆਰਥਣ ਨੂੰ ਜਾਣਦਾ ਅਤੇ ਪਛਾਣਦਾ ਵੀ ਸਾਂ। ਬੱਚਿਆਂ ਨੂੰ ਅਨੁਸ਼ਾਸਨ ਵਿੱਚ ਰੱਖਣ ਲਈ ਭਾਵੇਂ ਮੈਨੂੰ ਕਈ ਔਕੜਾਂ ਅਤੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਮੈਂ ਇਸ ਨੂੰ ਮਿਸ਼ਨ ਮੰਨ ਕੇ ਆਪਣਾ ਸੰਘਰਸ਼ ਜਾਰੀ ਰੱਖਦਾ ਹਾਂ। ਮੇਰਾ ਲੰਮੇ ਸਮੇਂ ਦਾ ਅਨੁਭਵ ਇਹ ਆਖਦਾ ਹੈ ਕਿ ਜਿਹੜੇ ਬੱਚੇ ਮੇਰੇ ਕੋਲ ਪੜ੍ਹਦਿਆਂ ਮੇਰੇ ਅਨੁਸ਼ਾਸਨ ਤੇ ਅਸੂਲਾਂ ਦਾ ਵਿਰੋਧ ਕਰਦੇ ਰਹੇ, ਉਹ ਬੱਚੇ ਕੁਝ ਬਣ ਕੇ ਮੈਨੂੰ ਵਿਸ਼ੇਸ਼ ਤੌਰ 'ਤੇ ਮਿਲਣ ਆਉਂਦੇ ਹਨ। ਕਈ ਤਾਂ ਅਧਿਆਪਕ ਦਿਵਸ 'ਤੇ ਤੋਹਫੇ ਵੀ ਦੇ ਜਾਂਦੇ ਰਹੇ ਹਨ।

ਮੇਰੇ ਸਕੂਲ ਦੀ ਅੱਠਵੀਂ ਜਮਾਤ ਦੀ ਇਕ ਕੁੜੀ ਰੋਜ਼ ਸਕੂਲ ਦੇਰ ਨਾਲ ਆਉਂਦੀ ਸੀ। ਮੈਂ ਉਸ ਨੂੰ ਰੋਜ਼ ਗੇਟ ਉਤੇ ਖੜਾ ਕਰ ਦਿੰਦਾ ਸੀ। ਇਹ ਕੁੜੀ ਪੜ੍ਹਾਈ ਲਿਖਾਈ ਵਿੱਚ ਹੁਸ਼ਿਆਰ ਸੀ, ਇਸ ਲਈ ਮੈਂ ਚਾਹੁੰਦਾ ਸਾਂ ਕਿ ਉਸ ਦੀ ਸਕੂਲ ਦੇਰ ਆਉਣ ਦੀ ਆਦਤ ਵਿੱਚ ਸੁਧਾਰ ਆਵੇ। ਮੈਂ ਉਸ ਨੂੰ ਜਦੋਂ ਸਕੂਲ ਦੇਰੀ ਨਾਲ ਆਉਣ ਦਾ ਕਾਰਨ ਪੁੱਛਦਾ, ਉਹ ਕੁਝ ਨਾ ਬੋਲਦੀ, ਸਗੋਂ ਉਸ ਦੀਆਂ ਅੱਖਾਂ ਵਿੱਚੋਂ ਪਰਲ-ਪਰਲ ਹੰਝੂ ਵਗਣ ਲੱਗ ਪੈਂਦੇ। ਮੈਂ ਬੇਵੱਸ ਜਿਹਾ ਹੋ ਕੇ ਉਸ ਨੂੰ ਉਸ ਦੀ ਜਮਾਤ ਵਿੱਚ ਭੇਜ ਦਿੰਦਾ।

ਇਕ ਦਿਨ ਇਸ ਬਾਰੇ ਉਸ ਦੀ ਜਮਾਤ ਇੰਚਾਰਜ ਨਾਲ ਗੱਲ ਕੀਤੀ, 'ਇਸ ਬੱਚੀ ਵੱਲ ਕੁਝ ਧਿਆਨ ਦਿਓ', ਪਰ ਅਧਿਆਪਕਾ ਨੇ ਉਸ ਬਾਰੇ ਜੋ ਦੱਸਿਆ, ਉਸ ਨੇ ਪੈਰਾਂ ਥੱਲਿਓਂ ਜਮੀਨ ਖਿਸਕਾ ਦਿੱਤੀ। ਲੜਕੀ ਦਾ ਪਿਓ ਆਟੋ ਚਲਾਉਂਦਾ ਸੀ, ਉਹ ਪਹਿਲਾਂ ਹੋਰ ਸਕੂਲਾਂ ਦੇ ਬੱਚਿਆਂ ਨੂੰ ਛੱਡ ਕੇ ਆਉਂਦਾ ਸੀ, ਫਿਰ ਇਸ ਨੂੰ ਸਕੂਲ ਛੱਡ ਕੇ ਜਾਂਦਾ ਸੀ। ਇਓਂ ਹੋਰ ਬੱਚਿਆਂ ਨੂੰ ਉਹ ਸਮੇਂ ਸਿਰ ਸਕੂਲ ਪਹੁੰਚਾ ਦਿੰਦਾ ਸੀ, ਪਰ ਇਸ ਚੱਕਰ ਵਿੱਚ ਉਸ ਦੀ ਆਪਣੀ ਕੁੜੀ ਨੂੰ ਰੋਜ਼ ਦੇਰ ਹੋ ਜਾਂਦੀ। ਅਧਿਆਪਕਾ ਨੇ ਇਹ ਵੀ ਦੱਸਿਆ ਕਿ ਕੁੜੀ ਦਾ ਪਿਓ ਸ਼ਰਾਬ ਪੀਂਦਾ ਹੈ, ਉਸ ਨਾਲ ਗੱਲ ਕਰਨ ਦਾ ਵੀ ਕੋਈ ਫਾਇਦਾ ਨਹੀਂ ਹੋਣਾ, ਉਸ ਬੰਦੇ ਨੂੰ ਤਾਂ ਗੱਲਬਾਤ ਕਰਨ ਦਾ ਵੀ ਚੱਜ ਨਹੀਂ ਹੈ।

ਅਧਿਆਪਕਾ ਦੀਆਂ ਗੱਲਾਂ ਸੁਣ ਕੇ ਮੇਰੀ ਪ੍ਰੇਸ਼ਾਨੀ ਵਧ ਗਈ। ਕੁਝ ਦਿਨਾਂ ਮਗਰੋਂ ਉਸ ਕੁੜੀ ਦੀ ਮਾਂ ਉਸ ਨੂੰ ਨਾਲ ਲੈ ਕੇ ਮੇਰੇ ਦਫਤਰ ਮੂਹਰੇ ਆ ਖੜੀ ਹੋਈ। ਮੈਂ ਮਾਂ ਧੀ ਨੂੰ ਦੇਖ ਕੇ ਆਪਣਾ ਮਨ ਬਣਾ ਲਿਆ, ਕੁੜੀ ਨੂੰ ਕਹਿ ਦਿਆਂਗਾ ਕਿ ਜੇ ਉਹ ਸਕੂਲ ਦੇਰ ਨਾਲ ਆਵੇਗੀ ਤਾਂ ਮੈਂ ਉਸ ਨੂੰ ਕੁਝ ਨਹੀਂ ਪੁੱਛਾਂਗਾ, ਸਗੋਂ ਗੇਟ 'ਤੇ ਡਿਊਟੀ ਦੇਣ ਵਾਲਿਆਂ ਨੂੰ ਕਹਿ ਦਿਆਂਗਾ ਕਿ ਇਸ ਬੱਚੀ ਨੂੰ ਨਹੀਂ ਰੋਕਣਾ, ਉਸ ਨੂੰ ਸਿੱਧਾ ਪ੍ਰਾਰਥਨਾ ਸਭਾ ਵਿੱਚ ਭੇਜ ਦੇਣਾ ਹੈ।

ਇੰਨੇ ਨੂੰ ਉਹ ਮਾਂ-ਧੀ ਅੰਦਰ ਆ ਗਈਆਂ। ਮੈਂ ਕੁੜੀ ਦੀ ਮਾਂ ਨੂੰ ਆਉਣ ਦਾ ਕਾਰਨ ਪੁੱਛਿਆ। ਉਸ ਨੇ ਕਿਹਾ, 'ਮੈਂ ਅੱਜ ਕੱਲ੍ਹ ਆਪਣੀ ਧੀ ਨੂੰ ਆਪ ਛੱਡ ਕੇ ਜਾਂਦੀ ਹਾਂ। ਮੈਂ ਘਰ ਦਾ ਕੰਮ ਕਾਰ ਮੁਕਾ ਕੇ ਆਉਣਾ ਹੁੰਦਾ ਹੈ। ਇਸ ਲਈ ਇਸ ਨੂੰ ਸਕੂਲ ਪਹੁੰਚਣ ਵਿੱਚ ਥੋੜ੍ਹੀ ਦੇਰ ਹੋ ਜਾਂਦੀ ਹੈ। ਜੇ ਇਹ ਥੋੜ੍ਹਾ ਦੇਰੀ ਨਾਲ ਆਵੇ ਤਾਂ ਇਸ ਨੂੰ ਕੁਝ ਨਾ ਕਿਹੋ।' ਮੈਂ ਕੁੜੀ ਦੀ ਮਾਂ ਨੂੰ ਸਵਾਲ ਕੀਤਾ, 'ਤੁਸੀਂ ਕਿੱਥੋਂ ਆਉਂਦੇ ਹੋ?' ਉਸ ਨੇ ਆਉਣ ਵਾਲੀ ਥਾਂ ਬਾਰੇ ਦੱਸਿਆ। ਉਹ ਗਲੀ ਮੇਰੇ ਘਰ ਦੇ ਪਿਛਲੇ ਪਾਸੇ ਪੈਂਦੀ ਹੈ ਅਤੇ ਉਥੋਂ ਸਕੂਲ ਬਹੁਤਾ ਦੂਰ ਨਹੀਂ। ਮੈਂ ਉਸ ਔਰਤ ਨੂੰ ਕਿਹਾ, 'ਤੁਹਾਡਾ ਘਰ ਸਕੂਲ ਤੋਂ ਬਹੁਤੀ ਦੂਰ ਤਾਂ ਹੈ ਨਹੀਂ, ਤੁਸੀਂ ਬੱਚੀ ਨੂੰ ਆਪੇ ਪੈਦਲ ਆਉਣ ਦਿਆ ਕਰੋ।' ਉਹ ਬੋਲੀ, 'ਧੀ ਨੂੰ ਇਕੱਲੇ ਭੇਜਣ ਤੋਂ ਡਰ ਲੱਗਦਾ, ਜ਼ਮਾਨਾ ਬੜਾ ਖਰਾਬ ਹੈ।' ਮੈਂ ਉਸ ਦੀ ਗੱਲ ਸੁਣ ਕੇ ਕਿਹਾ, 'ਭੈਣ ਜੀ, ਬੱਚੀ ਤੁਹਾਡੀ ਸਿਆਣੀ ਹੈ, ਇਸ ਨੂੰ ਇਕੱਲਿਆਂ, ਆਪੇ ਆਉਣਾ ਜਾਣਾ ਸਿਖਾਓ।'

ਉਸ ਦਿਨ ਤੋਂ ਬਾਅਦ ਉਹ ਕੁੜੀ ਮੈਨੂੰ ਕਦੇ ਸਕੂਲ ਦੇ ਗੇਟ 'ਤੇ ਖੜੀ ਨਹੀਂ ਮਿਲੀ। ਉਸ ਦੀ ਇੰਚਾਰਜ ਟੀਚਰ ਨੇ ਮੈਨੂੰ ਦੱਸਿਆ ਕਿ ਉਸ ਬੱਚੀ ਨੇ ਘਰ ਤੋਂ ਇਕੱਲਿਆਂ ਪੈਦਲ ਆਉਣਾ ਸ਼ੁਰੂ ਕਰ ਦਿੱਤਾ ਹੈ। ਉਸ ਅਧਿਆਪਕਾ ਦੀਆਂ ਗੱਲਾਂ ਨੇ ਮੇਰੇ ਯਤਨਾਂ ਨੂੰ ਖੰਭ ਲਾ ਦਿੱਤੇ ਸਨ।

ਥੋੜ੍ਹੇ ਚਿਰ ਪਿੱਛੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਿੱਦਿਅਕ ਮੁਕਾਬਲੇ ਆ ਗਏ। ਮੈਂ ਇੰਚਾਰਜ ਅਧਿਆਪਕਾ ਨੂੰ ਬੁਲਾ ਕੇ ਕਿਹਾ ਕਿ ਜੂਨੀਅਰ ਵਰਗ ਵਿੱਚ ਉਸ ਕੁੜੀ ਦੀ ਤਿਆਰੀ ਜ਼ਰੂਰ ਕਰਵਾਓ। ਉਸ ਬੱਚੀ ਨੂੰ ਭਾਸ਼ਨ ਮੁਕਾਬਲੇ ਵਿੱਚ ਤਿਆਰੀ ਕਰਵਾਈ ਗਈ। ਤਿਆਰੀ ਤੋਂ ਬਾਅਦ ਖੁਦ ਉਸ ਬੱਚੀ ਦਾ ਭਾਸ਼ਨ ਸੁਣਿਆ। ਜਿਥੇ ਕਿਤੇ ਲੱਗਿਆ, ਨੁਕਤੇ ਦੱਸੇ, ਉਸ ਦੀਆਂ ਖਾਮੀਆਂ ਦੂਰ ਕੀਤੀਆਂ। ਫਿਰ ਰਵਾਇਤ ਅਨੁਸਾਰ ਸਵੇਰ ਦੀ ਪ੍ਰਾਰਥਨਾ ਸਭਾ ਵਿੱਚ ਉਸ ਨੂੰ ਬੋਲਣ ਦਾ ਮੌਕਾ ਦਿੱਤਾ। ਉਸ ਦੇ ਹੌਸਲੇ ਤੇ ਉਸ ਦੀ ਪੇਸ਼ਕਾਰੀ ਨੂੰ ਸੁਣ ਕੇ ਸਕੂਲ ਦੇ ਸਭ ਅਧਿਆਪਕ ਬੇਹੱਦ ਖੁਸ਼ ਹੋਏ। ਬੋਰਡ ਦੇ ਜ਼ਿਲਾ ਪੱਧਰੀ ਮੁਕਾਬਲਿਆਂ ਵਿੱਚ ਉਸ ਕੁੜੀ ਨੇ ਪ੍ਰਾਈਵੇਟ ਮਾਡਲ ਸਕੂਲਾਂ ਦੇ ਸਭ ਬੱਚਿਆਂ ਨੂੰ ਵੀ ਮਾਤ ਦੇ ਦਿੱਤੀ। ਉਹ ਸੋਲ੍ਹਾਂ ਸਕੂਲਾਂ ਵਿੱਚੋਂ ਪਹਿਲੇ ਸਥਾਨ 'ਤੇ ਆਈ ਸੀ।

# ਹਲਕਾ ਫੁਲਕਾ

ਚਿੰਟੂ, ''ਮੰਮੀ, ਪਾਪਾ ਬਹੁਤ ਹੀ ਸਿੱਧੇ-ਸਾਦੇ ਤੇ ਸ਼ਰੀਫ ਹਨ।''
ਮੰਮੀ, ''ਬੇਟਾ ਉਹ ਕਿਵੇਂ?''
ਬੇਟਾ, ''ਉਹ ਕੱਲ੍ਹ ਜਦ ਪਾਪਾ ਮੈਨੂੰ ਮਾਰਕੀਟ 'ਚ ਕੱਪੜੇ ਦਿਵਾਉਣ ਗਏ ਸਨ ਤਾਂ ਉਨ੍ਹਾਂ ਸਾਹਮਣੇ ਇੱਕ ਲੜਕੀ ਆ ਰਹੀ ਸੀ ਅਤੇ ਪਾਪਾ ਨੇ ਉਸ ਨੂੰ ਦੇਖਦੇ ਹੀ ਆਪਣੀ ਇੱਕ ਬੰਦ ਕਰ ਲਈ।''

*********

ਪਤੀ, ''ਸੰਗੀਤ 'ਚ ਇੰਨੀ ਸ਼ਕਤੀ ਹੈ ਕਿ ਪਾਣੀ ਗਰਮ ਹੋ ਸਕਦਾ ਹੈ।''
ਪਤਨੀ, ''ਤੁਹਾਡਾ ਗਾਣਾ ਸੁਣ ਕੇ ਮੇਰਾ ਖੂਨ ਖੌਲ ਸਕਦਾ ਹੈ ਤਾਂ ਪਾਣੀ ਕਿਉਂ ਨਹੀਂ?''

*********

ਪਤੀ, ''ਮੈਨੂੰ ਸਮਝ 'ਚ ਨਹੀਂ ਆਉਂਦਾ ਕਿ ਭਗਵਾਨ ਨੇ ਤੈਨੂੰ ਇੰਨਾ ਸੁੰਦਰ ਬਣਾਉਣ ਦੇ ਬਾਅਦ ਇੰਨਾ ਮੂਰਖ ਕਿਉਂ ਬਣਾਇਆ?''
ਪਤਨੀ, ''ਸਾਨੂੰ ਦੋਵਾਂ ਨੂੰ ਮਿਲਾਉਣ ਲਈ।''
ਪਤੀ, ''ਉਹ ਕਿਵੇਂ?''
ਪਤਨੀ, ''ਮੈਂ ਸੁੰਦਰ ਸੀ, ਇਸ ਲਈ ਤੁਸੀਂ ਮੇਰੇ ਵੱਲ ਆਕਰਸ਼ਿਤ ਹੋਏ ਤੇ ਮੈਂ ਮੂਰਖ ਸੀ, ਇਸ ਲਈ ਤੁਹਾਡੇ ਵੱਲ ਆਕਰਸ਼ਿਤ ਹੋਈ।''

*********

ਮੋਹਨ, ''ਜੇ ਤੁਹਾਡੀ ਪਤਨੀ ਖੂਬਸੂਰਤ, ਸਮਝਦਾਰ, ਧਿਆਨ ਰੱਖਣ ਵਾਲੀ, ਕਦੇ ਨਾ ਈਰਖਾ ਕਰਨ ਵਾਲੀ ਤੇ ਸੁਆਦੀ ਖਾਣਾ ਬਣਾਉਣ ਵਾਲੀ ਹੋਵੇ ਤਾਂ ਉਸ ਨੂੰ ਤੁਸੀਂ ਕੀ ਨਾਂ ਦਿਓਗੇ?''
ਵਿਨੋਦ, ''ਅਫਵਾਹ।''

*********

ਅਧਿਆਪਕ, ''ਮੈਂ ਤੈਨੂੰ ਚਿੱਤਰ ਬਣਾਉਣ ਲਈ ਕਿਹਾ ਸੀ, ਪਰ ਤੂੰ ਚਿੱਤਰ ਕਿਉਂ ਨਹੀਂ ਬਣਾਇਆ?''
ਵਿਦਿਆਰਥੀ, ''ਮੈਂ ਮੈਦਾਨ 'ਚ ਘਾਹ ਚਰਦੀ ਹੋਈ ਗਾਂ ਦਾ ਚਿੱਤਰ ਬਣਾਇਆ ਹੈ। ਇਹ ਦੇਖੋ।''
ਅਧਿਆਪਕ, ''ਇਸ ਵਿੱਚ ਘਾਹ ਕਿੱਥੇ ਹੈ?''
ਵਿਦਿਆਰਥੀ, ''ਉਹ ਤਾਂ ਗਾਂ ਖਾ ਗਈ।''
ਅਧਿਆਪਕ, ''...ਤਾਂ ਫਿਰ ਗਾਂ ਕਿੱਥੇ ਹੈ?''
ਵਿਦਿਆਰਥੀ, ''ਘਾਹ ਖਾਣ ਦੇ ਬਾਅਦ ਇਥੇ ਗਾਂ ਕੀ ਕਰੇਗੀ ਸਰ?''

# ..ਤੇ ਅਸੀਂ ਵਹਿਮਾਂ ਤੋਂ ਬਚ ਗਏ

-ਸੁਰਜੀਤ ਭਗਤ-

ਅੱਧੀ ਰਾਤ ਲੰਘ ਚੱਲੀ ਸੀ, ਪਰ ਟੱਬਰ ਦੇ ਕਿਸੇ ਵੀ ਜੀਅ ਨੂੰ ਨੀਂਦ ਨਹੀਂ ਸੀ ਆ ਰਹੀ। ਸਾਰੇ ਇਕ ਦੂਜੇ ਤੋਂ ਵੱਧ ਫਿਕਰਮੰਦ ਸਨ। ਦਿਨ ਵਿੱਚ ਕਈ ਵਾਰੀ ਇਕੋ ਸਵਾਲ ਪੁੱਛ-ਪੁੱਛ ਹਾਰੀ ਪਤਨੀ ਨੇ ਇਕ ਵਾਰੀ ਫਿਰ ਚੁੱਪ ਤੋੜੀ, 'ਜੀ ਕੋਈ ਗੱਲ ਆਉਂਦੀ ਸਮਝ 'ਚ?'

ਇਕੋ ਸਵਾਲ ਕਈ ਵਾਰੀ ਸੁਣ-ਸੁਣ ਕੇ ਮੇਰੇ ਵੀ ਕੰਨ ਪੱਕ ਚੁੱਕੇ ਸਨ, ਇਸ ਲਈ ਇਕ ਤਰ੍ਹਾਂ ਨਾਲ ਕੁੱਦ ਕੇ ਪੈ ਗਿਆ, 'ਮੈਨੂੰ ਨ੍ਹੀਂ ਇਨ੍ਹਾਂ ਗੱਲਾਂ 'ਤੇ ਬਿਲਕੁਲ ਵੀ ਵਿਸ਼ਵਾਸ।' ਇਹ ਕਹਿ ਕੇ ਮੈਂ ਗੱਲ ਸਮੇਟਣ ਅਤੇ ਸੌਣ ਦੀ ਕੋਸ਼ਿਸ਼ 'ਚ ਸਾਂ, ਪਰ ਉਸ ਦਾ ਸਵਾਲ ਵੀ ਜਾਇਜ਼ ਸੀ। ਉਪਰਲੇ ਕਮਰੇ 'ਚ ਬੰਦ ਪਈ ਅਲਮਾਰੀ 'ਚ ਪਏ, ਦਸਵੀਂ ਵਿੱਚ ਪੜ੍ਹਦੀ ਧੀ ਦੇ ਨਵੇਂ ਨਕੋਰ ਸੂਟ ਨੂੰ ਕੱਟ ਕਿਸ ਤਰ੍ਹਾਂ ਲੱਗ ਸਕਦੇ ਹਨ? ਖਾਸ ਕਰ, ਕਈ ਬਟਨ ਬੜੀ ਬੇਦਰਦੀ ਨਾਲ ਸੂਟ ਨਾਲੋਂ ਕੱਟ ਕੇ ਲਾਹੇ ਗਏ ਜਾਪਦੇ ਸਨ। ਦੋ ਮਹੀਨੇ ਹੱਥ ਨਾਲ ਕਢਾਈ ਕਰਕੇ ਸਖਤ ਮਿਹਨਤ ਨਾਲ ਤਿਆਰ ਕੀਤੇ ਸੂਟ ਦਾ ਇਹ ਹਾਲ ਵੇਖ ਕੇ ਧੀ ਰੋਣਹਾਕੀ ਹੋਈ ਫਿਰਦੀ ਸੀ। ਉਪਰੋਂ ਦੀਵਾਲੀ ਦੇ ਦਿਨ ਸਨ। ਕਹਿੰਦੇ, ਇਨ੍ਹਾਂ ਦਿਨਾਂ ਵਿੱਚ ਜਾਦੂ ਟੂਣੇ ਵਾਲੇ ਕਾਫੀ ਸਰਗਰਮ ਹੁੰਦੇ ਹਨ। ਅਜਿਹੀ ਘਟਨਾ ਕਿਸੇ ਅਣਹੋਣੀ ਦੀ ਪੇਸ਼ਗੀ ਨਿਸ਼ਾਨੀ ਹੋ ਸਕਦੀ ਹੈ। ਹੋ ਸਕਦਾ, ਇਹ ਕਿਸੇ ਦੋਖੀ ਦਾ ਕੀਤਾ ਕਰਾਇਆ ਹੀ ਹੋਵੇ? ਪਤਨੀ ਨੂੰ ਇਹ ਗੱਲ ਵੀ ਵੱਢ-ਵੱਢ ਖਾ ਰਹੀ ਸੀ। ਗੱਲ ਇਹ ਵੀ ਵਜ਼ਨਦਾਰ ਸੀ ਕਿ ਉਪਰਲੇ ਕਮਰੇ 'ਚ ਜਾਣ ਲਈ ਸਿਰਫ ਇਕੋ ਪੌੜੀ ਚੜ੍ਹਦੀ ਸੀ ਜੋ ਰਸੋਈ ਕੋਲ ਸੀ। ਉਪਰ ਜਾਣ ਵਾਲਾ ਕੋਈ ਵੀ ਸ਼ਖਸ ਸਿਰਫ ਇਸੇ ਰਸਤੇ ਹੀ ਆ ਜਾ ਸਕਦਾ ਸੀ। 'ਜੇ ਕੋਈ ਆਇਆ ਨਹੀਂ ਤਾਂ ਫਿਰ ਨਵੀਂ ਕਮੀਜ਼ ਥਾਂ-ਥਾਂ ਤੋਂ ਕਿੱਦਾਂ ਕੱਟੀ ਗਈ?' ਪਤਨੀ ਨੂੰ ਚੈਨ ਨਹੀਂ ਸੀ ਆ ਰਿਹਾ।

'ਕੋਈ ਚੂਹਾ ਕੁਤਰ ਗਿਆ ਹੋਵੇਗਾ।' ਮੈਂ ਗੱਲ ਦਬਾਉਣ ਦੇ ਮਨਸ਼ੇ ਨਾਲ ਆਖਿਰੀ ਪੱਤਾ ਖੇਡਿਆ।

'ਫਿਰ ਕੁਤਰੇ ਹੋਏ ਕੱਪੜੇ ਦੇ ਟੁਕੜੇ ਜਾਂ ਧਾਗੇ ਕਿੱਥੇ ਗਏ?' ਪਤਨੀ ਨੇ ਵਕੀਲਾਂ ਵਾਂਗ ਕ੍ਰਾਸ ਮਾਰਿਆ। ਮੈਨੂੰ ਕੋਈ ਜਵਾਬ ਨਹੀਂ ਸੀ ਓਹੜ ਰਿਹਾ।

'ਚੱਲ ਛੱਡ ਯਾਰ, ਸੌਂ ਜਾਓ', ਕਹਿ ਕੇ ਮੈਂ ਇਕ ਤਰ੍ਹਾਂ ਨਾਲ ਹਥਿਆਰ ਸੁੱਟ ਦਿੱਤੇ ਸਨ। ਢਾਈ ਤਿੰਨ ਘੰਟੇ ਤੋਂ ਘਰ ਦੀ ਉਪਰਲੀ ਛੱਤ 'ਤੇ ਡੱਠੇ ਮੰਜਿਆਂ ਉਤੇ ਪਿਆ ਸਾਰਾ ਟੱਬਰ ਇਹੀ ਮਗਜ਼ ਖਪਾਈ ਕਰ ਰਿਹਾ ਸੀ। ਸਾਰੇ ਸਮੇਂ ਦੌਰਾਨ ਪੰਜਵੀਂ 'ਚ ਪੜ੍ਹਦਾ ਸਾਡਾ ਮੁੰਡਾ ਬੇਚੈਨ ਜਿਹਾ ਲੱਗ ਰਿਹਾ ਸੀ। ਕਦੇ ਉਹ ਕਿਸੇ ਬਹਾਨੇ ਅੰਦਰਲੇ ਕਮਰੇ ਵਿੱਚੋਂ ਬਾਹਰ ਆਉਂਦਾ, ਕਦੇ ਕਿਸੇ ਬਹਾਨੇ ਬਾਹਰ ਗੇੜਾ ਕੱਢ ਜਾਂਦਾ। ਮੈਂ ਸੌਣ ਲੱਗਿਆਂ ਵੈਸੇ ਹੀ ਪਾਣੀ ਪੀਣ ਦੀ ਗੱਲ ਕੀਤੀ ਤਾਂ ਉਹ ਝੱਟ ਹੇਠਾਂ ਪਾਣੀ ਲੈਣ ਜਾਣ ਲਈ ਤਿਆਰ ਹੋ ਗਿਆ। ਮੈਂ ਹੈਰਾਨ, ਦਿਨੇ ਹਰ ਕੰਮ ਮੇਂਗਣਾਂ ਪਾ ਕੇ ਕਰਨ ਵਾਲਾ ਮੁੰਡਾ ਅੱਜ ਅੱਧੀ ਰਾਤ ਨੂੰ ਵੀ ਸਰਵਣ ਪੁੱਤਰ ਬਣ ਰਿਹਾ ਹੈ। ਖੈਰ! ਪਾਣੀ ਪੀ ਕੇ ਸੌਣ ਲੱਗਾ ਸਾਂ ਕਿ ਉਹ ਅਚਾਨਕ ਆਪਣੀ ਮਾਂ ਕੋਲੋਂ ਉਠ ਕੇ ਡਰਦਾ-ਡਰਦਾ ਮੇਰੇ ਮੰਜੇ ਕੋਲ ਬਾਹਰ ਆ ਗਿਆ ਅਤੇ ਕਹਿਣ ਲੱਗਾ, 'ਦੀਦੀ ਦਾ ਸੂਟ ਮੈਂ ਕੱਟਿਆ ਸੀ।'


ਸੁਣਦੇ ਸਾਰ ਵੱਟ ਬਥੇਰਾ ਚੜ੍ਹਿਆ ਪਰ ਉਸ ਦੇ ਸੱਚ ਬੋਲਣ 'ਤੇ ਜਜ਼ਬਾਤੀ ਹੋ ਕੇ ਮੈਂ ਉਸ ਨੂੰ ਘੁੱਟ ਕੇ ਗਲ ਨਾਲ ਲਾ ਲਿਆ, 'ਸੱਚ ਬੋਲਣ ਵਾਲਾ ਬੰਦਾ ਜ਼ਿੰਦਗੀ 'ਚ ਕਦੇ ਮਾਰ ਨਹੀਂ ਖਾਂਦਾ', ਪਰ ਨਾਲ ਮੇਰਾ ਸੁਆਲ ਸੀ, 'ਤੂੰ ਇੰਦਾਂ ਕਿਉਂ ਕੀਤਾ?'

'ਕੱਲ੍ਹ ਮੈਂ ਬੈਠਕ ਵਿੱਚ ਟੀ ਵੀ ਉੱਤੇ ਕਾਰਟੂਨ ਵੇਖ ਰਿਹਾ ਸਾਂ ਕਿ ਦੀਦੀ ਤੇ ਮਾਸੀ ਦੀ ਕੁੜੀ ਰਾਧਾ ਆਈਆਂ..ਮੈਨੂੰ ਇਹ ਕਹਿ ਕੇ ਬਾਹਰ ਕੱਢ 'ਤਾ ਕਿ ਕਮਰੇ ਦੀ ਸਫਾਈ ਕਰਨੀ ਹੈ। ਮੈਂ ਬਥੇਰਾ ਕਿਹਾ, ਸਿਰਫ ਦੋ ਮਿੰਟ ਦਾ ਪ੍ਰੋਗਰਾਮ ਰਹਿ ਗਿਆ, ਪਰ ਦੋਵਾਂ ਨੇ ਮੈਨੂੰ ਧੂਹ ਕੇ ਕਮਰੇ 'ਚੋਂ ਬਾਹਰ ਕੱਢ ਦਿੱਤਾ ਤੇ ਨਾਲ ਹੁਕਮ ਚਾੜ੍ਹਿਆ ਮੈਂ ਤੀਜੀ ਮੰਜ਼ਿਲ ਤੇ ਜਾ ਕੇ ਗਮਲਿਆਂ 'ਚ ਪਾਣੀ ਪਾ ਕੇ ਆਵਾਂ। ਗੁੱਸੇ 'ਚ ਭਰੇ ਪੀਤੇ ਨੇ ਉਪਰ ਆ ਕੇ ਬੂਟਿਆਂ ਨੂੰ ਪਾਣੀ ਦੇਣ ਲਈ ਕੱਪ ਚੁੱਕਣ ਵੇਲੇ ਕੋਲ ਪਈ ਕੈਂਚੀ ਵੀ ਚੁੱਕ ਲਈ ਅਤੇ ਸਾਰਾ ਗੁੱਸਾ ਸੂਟ ਤੇ ਨਿਕਲ ਗਿਆ।' ਉਸ ਨੇ ਸਾਰੀ ਗੱਲ ਇਕੋ ਸਾਹੇ ਕਹਿ ਸੁਣਾਈ।

ਇਹ ਸਾਰੀ ਵਾਰਤਾ ਨਾਲ ਮੰਜੀ ਤੇ ਪਈਆਂ ਦੋਵੇਂ ਮਾਵਾਂ ਧੀਆਂ ਵੀ ਚੁੱਪ ਚਾਪ ਸੁਣ ਰਹੀਆਂ ਸਨ, ਪਰ ਕੁਝ ਵੀ ਕਹਿਣ ਤੋਂ ਅਸਮਰਥ ਸਨ। ਗੁੱਸਾ ਤਾਂ ਭਾਵੇਂ ਉਨ੍ਹਾਂ ਨੂੰ ਕਾਫੀ ਚੜ੍ਹ ਰਿਹਾ ਸੀ, ਪਰ ਬੱਚੇ ਦੇ ਬੋਲੇ ਸੱਚ ਨੇ ਉਨ੍ਹਾਂ ਦੇ ਹੱਥ ਬੰਨ੍ਹ ਦਿੱਤੇ ਸਨ। ਕੁੜੀ ਦੀ ਦੋ ਮਹੀਨੇ ਦੀ ਆਪਣੇ ਸੂਟ ਉਤੇ ਕੀਤੀ ਸਖਤ ਮਿਹਨਤ ਉਪਰ ਪਾਣੀ ਫਿਰ ਜਾਣ ਤੇ ਵਧੀਆ ਸੂਟ ਖਰਾਬ ਹੋ ਜਾਣ ਅਤੇ ਨੁਕਸਾਨ ਨਾਲੋਂ ਮੈਨੂੰ ਬੱਚੇ ਵੱਲੋਂ ਬੋਲਿਆ ਸੱਚ ਜ਼ਿਆਦਾ ਫਾਇਦੇਮੰਦ ਲੱਗ ਰਿਹਾ ਸੀ ਜਿਸ ਨੇ ਸਾਨੂੰ ਵਹਿਮ ਭਰਮ ਦੇ ਮੱਕੜ-ਜਾਲ 'ਚ ਫਸਣੋਂ ਬਚਾ ਲਿਆ ਸੀ।

'ਤੂੰ ਬਹੁਤ ਵੱਡਾ ਬੰਦਾ ਬਣੇਗਾ।' ਮੈਂ ਅਸ਼ੀਰਵਾਦ ਵਾਲੇ ਲਹਿਜ਼ੇ 'ਚ ਮੁੰਡੇ ਨੂੰ ਘੁੱਟ ਕੇ ਗਲ ਨਾਲ ਲਾ ਲਿਆ ਅਤੇ ਦਿਨ ਰਾਤ ਆਪਣੀ ਮਾਂ ਦੇ ਦੁਆਲੇ ਗੇੜੇ ਕੱਢਦੇ ਰਹਿਣ ਵਾਲਾ ਮੁੰਡਾ ਅੱਜ ਪਹਿਲੀ ਵਾਰ ਮੈਨੂੰ ਜੱਫੀ ਪਾ ਕੇ ਕਦੋਂ ਸੌਂ ਗਿਆ, ਪਤਾ ਹੀ ਨਹੀਂ ਲੱਗਾ। ਉਸ ਦੇ ਮਨ ਤੋਂ ਸਾਰਾ ਭਾਰ ਲਹਿ ਗਿਆ ਸੀ ਤੇ ਮੇਰਾ ਇਹ ਯਕੀਨ ਹੋਰ ਪੁਖਤਾ ਹੋ ਗਿਆ ਸੀ ਕਿ ਇਸ ਦੁਨੀਆ 'ਚ ਕੋਈ ਗੈਬੀ ਸ਼ਕਤੀ ਨਹੀਂ ਹੈ। ਕੁਝ ਵੀ ਕੀਤਾ ਕਰਾਇਆ ਨਹੀਂ ਹੁੰਦਾ, ਸਗੋਂ ਸਾਰੇ ਪੁੱਠੇ ਸਿੱਧੇ ਕੰਮ ਮਨੁੱਖ ਦੇ ਆਪੇ ਹੀ ਕੀਤੇ ਹੁੰਦੇ ਹਨ।

Dr. Randhawa Dentistry



Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

Dr. Samreet Kaur Randhawa
General Family Dentist


New Patients welcome
Deal Directly with all Insurance Companies

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111




NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization




BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

# ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਸੰਤਾਂ ਦੀ ਸੁਰੱਖਿਆ ਦੀ ਘੋਖ ਕਰਨ ਲਈ ਕਿਹਾ




ਚੰਡੀਗੜ੍ਹ, 23 ਜਨਵਰੀ (ਪੋਸਟ ਬਿਊਰੋ)- ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਲਈ ਸਰਕਾਰੀ ਸੁਰੱਖਿਆ ਦੇਣ ਬਾਰ ਪੰਜਾਬ ਹਰਿਆਣਾ ਹਾਈ ਕੋਰਟ ਨੇ ਵਿਚਾਰ ਅਧੀਨ ਪਟੀਸ਼ਨ ਦਾ ਨਿਪਟਾਰਾ ਕਰ ਕੇ ਕਿਹਾ ਕਿ ਪੰਜਾਬ ਸਰਕਾਰ ਨੂੰ ਰਾਜ ਵਿੱਚ ਧਾਰਮਿਕ ਆਗੂਆਂ ਨੂੰ ਦਿੱਤੀ ਜਾਂਦੀ ਸੁਰੱਖਿਆ ਦੀ ਘੋਖ ਕਰਨੀ ਚਾਹੀਦੀ ਹੈ।

ਵਰਣਨ ਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਦੀ ਸੁਰੱਖਿਆ ਵਿੱਚ ਲੱਗੇ ਹੋਏ ਪੁਲਸ ਮੁਲਾਜ਼ਮਾਂ ਦੀ ਗਿਣਤੀ ਘੱਟ ਕਰਨ ਦੇ ਖਿਲਾਫ ਆਈ ਅਰਜ਼ੀ ਵਿੱਚ ਪਟੀਸ਼ਨਰ ਦੇ ਵਕੀਲ ਅਨਮੋਲ ਰਤਨ ਸਿੱਧੂ ਨੇ ਅਦਾਲਤ ਨੂੰ ਦੱਸਿਆ ਸੀ ਕਿ ਢੱਡਰੀਆਂ ਵਾਲੇ ਉੱਤੇ ਲੁਧਿਆਣਾ ਵਿੱਚ ਜਾਨਲੇਵਾ ਹਮਲਾ ਹੋ ਚੁੱਕਾ ਹੈ ਤੇ ਉਨ੍ਹਾਂ ਨੂੰ ਕਈ ਵਾਰ ਧਮਕੀਆਂ ਮਿਲੀਆਂ ਹਨ, ਇਸ ਲਈ ਉਨ੍ਹਾਂ ਦੀ ਸੁਰੱਖਿਆ ਵਧਾਈ ਜਾਣੀ ਚਾਹੀਦੀ ਹੈ। ਸਿੱਧੂ ਨੇ ਅਦਾਲਤ ਨੂੰ ਕਿਹਾ ਕਿ ਇਸ ਰਾਜ ਵਿੱਚ ਕੁਝ ਸੰਤਾਂ ਦੀ ਸੁਰੱਖਿਆ ਵਿੱਚ 50 ਤੋਂ 100 ਤੱਕ ਸੁਰੱਖਿਆ ਮੁਲਾਜ਼ਮ ਲੱਗੇ ਹਨ, ਜਦ ਕਿ ਕੁਝ ਨੂੰ ਸਿਰਫ ਨਾ-ਮਾਤਰ ਸੁਰੱਖਿਆ ਮਿਲੀ ਹੈ। ਉਨ੍ਹਾਂ ਕਿਹਾ ਕਿ ਕੁਝ ਸੰਤਾਂ ਨੂੰ ਜ਼ੈੱਡ ਸਕਿਓਰਿਟੀ ਵੀ ਮਿਲੀ ਹੈ।

ਇਸ ਸੰਬੰਧ ਵਿੱਚ ਪੰਜਾਬ ਸਰਕਾਰ ਦੇ ਵਕੀਲ ਵੱਲੋਂ ਢੱਡਰੀਆਂ ਵਾਲੇ ਕੋਲ ਲੋੜੀਂਦੀ ਸੁਰੱਖਿਆ ਹੋਣ ਦਾ ਜਵਾਬ ਦਿੱਤਾ ਤਾਂ ਜਸਟਿਸ ਜਤਿੰਦਰ ਚੌਹਾਨ ਨੇ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ ਅਤੇ ਆਪਣੇ ਹੁਕਮਾਂ ਵਿੱਚ ਹੋਰਨਾਂ ਸੰਤਾਂ ਦੀ ਸੁਰੱਖਿਆ ਦੀ ਘੋਖ ਕੀਤੇ ਜਾਣ ਦੇ ਵੀ ਹੁਕਮ ਦਿੱਤੇ ਅਤੇ ਸਰਕਾਰ ਨੂੰ ਆਪਣੀ ਰਿਪੋਰਟ ਹਾਈ ਕੋਰਟ ਦੇ ਰਜਿਸਟਰਾਰ ਜਨਰਲ ਨੂੰ ਸੌਂਪਣ ਦੇ ਹੁਕਮ ਦਿੱਤੇ ਹਨ।

ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਉੱਤੇ 18 ਮਈ 2016 ਨੂੰ ਲੁਧਿਆਣਾ ਵਿੱਚ ਅਣਪਛਾਤੇ ਲੋਕਾਂ ਨੇ ਹਮਲਾ ਕਰ ਦਿੱਤਾ ਅਤੇ ਉਨ੍ਹਾਂ ਦੇ ਕਾਫਲੇ 'ਤੇ 15 ਰਾਊਂਡ ਫਾਇੰਰਿੰਗ ਕੀਤੀ ਗਈ ਸੀ। ਗੋਲੀ ਲੱਗਣ ਨਾਲ ਉਨ੍ਹਾਂ ਦੇ ਇੱਕ ਚੇਲੇ ਦੀ ਮੌਤ ਹੋ ਗਈ ਸੀ। ਅਕਤੂਬਰ 2015 ਵਿੱਚ ਬਰਗਾੜੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਬੇਅਦਬੀ ਕੇਸ ਵਿੱਚ ਸਰਕਾਰ ਦੇ ਖਿਲਾਫ ਆਵਾਜ਼ ਚੁੱਕਣ ਉੱਤੇ ਉਨ੍ਹਾਂ ਨੂੰ ਪੁਲਸ ਨੇ ਗ੍ਰਿਫਤਾਰ ਵੀ ਕਰ ਲਿਆ ਸੀ।

### ਛਤਰਪਤੀ ਦੇ ਪੁੱਤਰ ਨੇ ਕਿਹਾ:

# 16 ਸਾਲ ਤੱਕ ਸਰਕਾਰਾਂ ਰਾਮ ਰਹੀਮ ਦੇ ਇਸ਼ਾਰੇ 'ਤੇ ਨੱਚਦੀਆਂ ਰਹੀਆਂ



ਚੰਡੀਗੜ੍ਹ, 23 ਜਨਵਰੀ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਰਾਮ ਰਹੀਮ ਨੂੰ ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਕਤਲ ਦੇ ਦੋਸ਼ ਹੇਠ ਕੁਦਰਤੀ ਮੌਤ ਤੱਕ ਕੈਦ ਦੀ ਸਜ਼ਾ ਦਿਵਾਉਣ ਛਤਰਪਤੀ ਦੇ ਪੁੱਤਰ ਅੰਸ਼ੁਲ ਛਤਰਪਤੀ ਦਾ ਕਹਿਣਾ ਹੈ ਕਿ ਜਦੋਂ 16 ਸਾਲ ਉਹ ਡੇਰਾ ਮੁਖੀ ਵਿਰੁੱਧ ਕਾਨੂੰਨ ਲੜਾਈ ਲੜਦਾ ਪਿਆ ਸੀ ਤਾਂ ਹਰਿਆਣਾ ਦੀਆਂ ਤਿੰਨੇ ਸਿਆਸੀ ਪਾਰਟੀਆਂ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ), ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੀਆਂ ਸਰਕਾਰਾਂ ਉਸ ਡੇਰੇ ਦੇ ਇਸ਼ਰਿਆਂ 'ਤੇ ਨੱਚ ਕੇ ਰਾਮ ਰਹੀਮ ਦੀ ਢਾਲ ਬਣਦੀਆਂ ਰਹੀਆਂ ਸਨ।

ਆਪਣੀ ਭੈਣ ਸ਼੍ਰੇਅਸੀ ਅਤੇ ਇਸ ਕੇਸ ਦੇ ਮੁੱਢਲੇ ਵਕੀਲ ਲੇਖ ਰਾਜ ਦੇ ਨਾਲ ਕੱਲ੍ਹ ਚੰਡੀਗੜ੍ਹ ਪ੍ਰੈਸ ਕਲੱਬ ਵਿੱਚ ਪੱਤਰਕਾਰਾਂ ਦੇ ਰੂਬਰੂ ਹੁੰਦਿਆਂ ਅੰਸ਼ੁਲ ਨੇ ਇਹ ਖੁਲਾਸਾ ਕੀਤਾ। ਇਸ ਮੌਕੇ ਅੰਸ਼ੁਲ ਨੂੰ ਉਸ ਦੀ ਭੈਣ ਅਤੇ ਵਕੀਲ ਸਮੇਤ ਸਨਮਾਨਿਤ ਕਰਕੇ ਪ੍ਰੈੱਸ ਕਲੱਬ ਦੀ ਆਨਰੇਰੀ ਮੈਂਬਰਸ਼ਿਪ ਦਿੱਤੀ ਗਈ ਹੈ। ਅੰਸ਼ੁਲ ਨੇ ਸਿਆਸੀ, ਧਨ ਦੌਲਤ ਤੇ ਆਪਣੇ ਸ਼ਰਧਾਲੂਆਂ ਦੀ ਵੱਡੀ ਤਾਕਤ ਦੇ ਮਾਲਕ ਰਾਮ ਰਹੀਮ ਨਾਲ ਆਪਣੇ ਇਮਾਨ ਦੇ ਆਸਰੇ ਲੜਨ ਦੀ 16 ਸਾਲ ਲੰਮੀ ਗਾਥਾ ਸੁਣਾਉਂਦਿਆਂ ਕਿਹਾ ਕਿ ਇਸ ਦੌਰਾਨ ਹਰ ਸਿਆਸੀ ਆਗੂ ਨੇ ਰਾਮ ਰਹੀਮ ਦਾ ਹੀ ਸਾਥ ਦਿੱਤਾ। ਇਥੋਂ ਤੱਕ ਕਿ ਧਾਰਮਿਕ ਕੱਟੜਤਾ ਵਿਰੁੱਧ ਵਿਚਾਰਧਾਰਾ ਰੱਖਣ ਵਾਲੇ ਸਿਆਸੀ ਆਗੂ ਵੀ ਇਸ ਲੜਾਈ ਵਿੱਚ ਡੇਰੇ ਦੇ ਹੱਕ ਵਿੱਚ ਭੁਗਤੇ। ਉਸ ਨੇ ਦੱਸਿਆ ਕਿ ਜਦੋਂ ਬਲਾਤਕਾਰ ਦੀ ਪੀੜਤ ਸਾਧਵੀ ਦੀ ਚਿੱਠੀ ਆਪਣੀ ਅਖਬਾਰ 'ਪੂਰਾ ਸੱਚ' ਵਿੱਚ ਛਾਪਣ ਦੇ ਕਾਰਨ 24 ਅਕਤੂਬਰ 2002 ਨੂੰ ਉਸ ਦੇ ਪਿਤਾ ਨੂੰ ਡੇਰੇ ਦੇ ਬੰਦਿਆਂ ਨੇ ਪੰਜ ਗੋਲੀਆਂ ਮਾਰੀਆਂ ਤਾਂ ਉਸ ਵੇਲੇ ਇਨੈਲੋ ਸਰਕਾਰ ਦੇ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਉਨ੍ਹਾਂ ਦੇ ਘਰ ਆਏ ਅਤੇ ਉਨ੍ਹਾਂ ਕਿਹਾ ਸੀ ਅਪਰਾਧੀ ਜਿੰਨੇ ਮਰਜ਼ੀ ਤਾਕਤਵਾਰ ਹੋਣ, ਉਨ੍ਹਾਂ ਨੂੰ ਬਖਸ਼ਿਆ ਨਹੀਂ ਜਾਵੇਗਾ, ਪਰ ਇਸ ਦੇ ਉਲਟ ਚੌਟਾਲਾ ਸਰਕਾਰ ਦੀ ਪੁਲਸ ਨੇ ਡੇਰਾ ਮੁਖੀ ਦੇ ਬਚਾਅ ਦੀ ਕੋਈ ਕਸਰ ਨਹੀਂ ਛੱਡੀ ਅਤੇ ਉਨ੍ਹਾਂ ਦੇ ਪਿਤਾ ਦੇ ਧਾਰਾ 164 ਦੇ ਬਿਆਨ ਵੀ ਕਲਮਬੰਦ ਨਹੀਂ ਕੀਤੇ ਸਨ। ਫਿਰ ਜਦੋਂ ਉਸ ਨੇ ਇਸ ਕੇਸ ਦੀ ਜਾਂਚ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਨੂੰ ਦੇਣ ਦੀ ਮੰਗ ਕੀਤੀ ਤਾਂ ਚੌਟਾਲਾ ਸਰਕਾਰ ਨੇ ਇਸ ਦਾ ਵੀ ਪਹਿਲਾਂ ਹਾਈ ਕੋਰਟ ਤੇ ਫਿਰ ਸੁਪਰੀਮ ਕੋਰਟ ਵਿੱਚ ਵਿਰੋਧ ਕਰਕੇ ਰਾਮ ਰਹੀਮ ਨੂੰ ਬਚਾਉਣ ਦੇ ਯਤਨ ਕੀਤੇ। ਉਸ ਨੇ ਕਿਹਾ ਕਿ ਫਿਰ ਕੇਂਦਰ ਅਤੇ ਹਰਿਆਣਾ ਵਿੱਚ ਕਾਂਗਰਸੀ ਸਰਕਾਰਾਂ ਆਈਆਂ ਤੇ ਇਨ੍ਹਾਂ ਨੇ ਰਾਮ ਰਹੀਮ ਨੂੰ ਜ਼ੈਡ ਪਲੱਸ ਸੁਰੱਖਿਆ ਦੇ ਕੇ ਡੇਰੇ ਅੱਗੇ ਗੋਡੇ ਟੇਕ ਦਿੱਤੇ ਸਨ। ਕਾਂਗਰਸੀ ਸਰਕਾਰਾਂ ਨੇ ਰਾਮ ਰਹੀਮ ਨੂੰ ਸੀ ਬੀ ਆਈ ਅੱਗੇ ਪੇਸ਼ ਤੱਕ ਨਹੀਂ ਹੋਣ ਦਿੱਤਾ। ਜਦੋਂ ਸੀ ਬੀ ਆਈ ਟੀਮ ਡੇਰਾ ਸਿਰਸਾ ਵਿੱਚ ਉਸ ਦੀ ਪੁੱਛ-ਗਿੱਛ ਕਰਨ ਗਈ ਤਾਂ ਉਚੇਚੇ ਸਿਰਸਾ ਪੁੱਜੇ ਕੁਝ ਸਿਆਸੀ ਆਗੂ ਦਿੱਲੀ ਤੋਂ ਫੋਨ ਕਰਵਾ ਕੇ ਸੀ ਬੀ ਆਈ ਟੀਮ ਉਤੇ ਸ਼ਰਤਾਂ ਲਵਾਉਂਦੇ ਰਹੇ।

ਹਰਿਆਣਾ ਦੀ ਮੌਜੂਦਾ ਖੱਟਰ ਸਰਕਾਰ ਬਾਰੇ ਅੰਸ਼ੁਲ ਨੇ ਕਿਹਾ ਕਿ ਜਦੋਂ ਭਾਜਪਾ ਵਿਧਾਨ ਸਭਾ ਚੋਣਾਂ ਜਿੱਤ ਗਈ ਤਾਂ ਇਸ ਪਾਰਟੀ ਦੇ 38 ਵਿਧਾਇਕਾਂ ਨੇ ਡੇਰੇ ਵਿੱਚ ਪੁੱਜ ਕੇ ਰਾਮ ਰਹੀਮ ਦੇ ਪੈਰ ਛੂਹ ਕੇ ਜਿੱਤ ਦਿਵਾਉਣ ਲਈ ਉਸ ਦਾ ਧੰਨਵਾਦ ਕੀਤਾ ਸੀ। ਉਸ ਨੇ ਦੋਸ਼ ਲਾਇਆ ਕਿ 25 ਅਗਸਤ 2017 ਨੂੰ ਡੇਰਾ ਸਮਰਥਕਾਂ ਵੱਲੋਂ ਪੰਚਕੂਲਾ ਵਿੱਚ ਮਚਾਈ ਤਬਾਹੀ ਤੋਂ ਮਸਾਂ 10 ਦਿਨ ਪਹਿਲਾਂ ਭਾਜਪਾ ਦੇ ਕੁਝ ਕੇਂਦਰੀ ਅਤੇ ਸੂਬਾ ਆਗੂਆਂ ਨੇ ਡੇਰੇ ਜਾ ਕੇ ਰਹੀਮ ਨੂੰ ਮੱਥਾ ਟੇਕਿਆ ਸੀ। ਉਸ ਨੇ ਗਿਲਾ ਕੀਤਾ ਕਿ ਜੇ ਮੀਡੀਆ 16 ਸਾਲ ਪਹਿਲਾਂ ਉਸ ਦੇ ਪਿਤਾ ਵਾਂਗ ਬਲਾਤਕਾਰ ਦੀ ਪੀੜਤ ਸਾਧਵੀ ਦੀ ਗੁੰਮਨਾਮ ਚਿੱਠੀ ਆਪਣੇ ਅਖਬਾਰਾਂ 'ਚ ਛਾਪ ਦਿੰਦਾ ਤਾਂ ਸ਼ਾਇਦ ਛਤਰਪਤੀ ਦੀ ਜਾਨ ਬਚ ਜਾਂਦੀ। ਕਰੀਬ ਸਾਰਾ ਮੀਡੀਆ 2002 ਤੋਂ ਲੈ ਕੇ 2017 ਤੱਕ ਡੇਰਾ ਮੁਖੀ ਦੇ ਅਪਰਾਧਾਂ ਬਾਰੇ ਖਾਮੋਸ ਰਿਹਾ ਅਤੇ ਜਦੋਂ ਡੇਰੇ ਦੇ ਪ੍ਰੇਮੀਆਂ ਨੇ 25 ਅਗਸਤ 2017 ਨੂੰ ਮੀਡੀਆ ਨੂੰ ਅਸਲੀ ਰੂਪ ਦਿਖਾਇਆ ਸੀ ਤਾਂ ਸਾਰੇ ਮੀਡੀਆ ਹਾਊਸਿਜ਼ ਦੀਆਂ ਅੱਖਾਂ ਖੁੱਲ੍ਹੀਆਂ ਹਨ।

## ਜਲੰਧਰ ਦੀਆਂ 93 ਸੀਲਡ ਇਮਾਰਤਾਂ ਛੇਤੀ ਖੁੱਲ੍ਹਣਗੀਆਂ

ਜਲੰਧਰ, 23 ਜਨਵਰੀ (ਪੋਸਟ ਬਿਊਰੋ)- ਨਗਰ ਨਿਗਮ ਛੇਤੀ ਸ਼ਹਿਰ ਦੀਆਂ ਕਮਰਸ਼ਲ ਇਮਾਰਤਾਂ ਦੀ ਸੀਲਿੰਗ ਖੋਲ੍ਹਣ ਵਾਲੀ ਹੈ। ਇਹ ਸੰਕੇਤ ਸਰਕਾਰ ਨੇ ਬੀਤੇ ਦਿਨੀਂ ਮਿਲੀ 93 ਇਮਾਰਤਾਂ ਦੀ ਰਿਪੋਰਟ ਮਗਰੋਂ ਆਪਣੇ ਹੁਕਮਾਂ ਪ੍ਰਤੀ ਨਰਮੀ ਲਿਆਉਂਦੇ ਹੋਏ ਦਿੱਤਾ ਹੈ। ਲਗਭਗ ਸੱਤ ਮਹੀਨੇ ਬੰਦ ਪਈਆਂ ਰਹੀਆਂ 93 ਕਮਰਸ਼ੀਅਲ ਇਮਾਰਤਾਂ ਦੇ ਮਾਲਕਾਂ ਦੀਆਂ ਇਨ੍ਹਾਂ ਜਾਇਦਾਦਾਂ ਨੂੰ ਕੰਪਾਊਂਡ ਕਰਕੇ ਐਨ ਓ ਸੀ ਦੇਣ ਦਾ ਸਰਕਾਰ ਨੇ ਮਨ ਬਣਾ ਲਿਆ ਹੈ। ਇਸ ਮਹਾਨਗਰ ਦੇ ਮੇਅਰ ਜਗਦੀਸ਼ ਰਾਜ ਰਾਜਾ ਨੇ 93 ਇਮਾਰਤਾਂ ਦੀ ਸੀਲਿੰਗ ਖੁੱਲ੍ਹਣ ਦੇ ਸੰਕੇਤਾਂ ਬਾਰੇ ਕਿਹਾ ਕਿ ਸਰਕਾਰ ਛੇਤੀ ਹੀ ਇਸ ਦਾ ਫੈਸਲੇ ਕਰਕੇ ਹੁਕਮ ਜਾਰੀ ਕਰੇਗੀ। ਪਿਛਲੇ ਸੱਤ ਮਹੀਨੇ ਤੋਂ ਬੰਦ ਪਈਆਂ ਇਮਾਰਤਾਂ ਦੇ ਮਾਲਕਾਂ ਦਾ ਨੁਕਸਾਨ ਨਾ ਹੋਵੇ, ਇਹ ਮੁੱਦਾ ਮੇਅਰ ਵੱਲੋਂ ਸਰਕਾਰ ਕੋਲ ਉਠਾਇਆ ਗਿਆ ਸੀ, ਜਿਸ ਸਬੰਧੀ ਸਰਕਾਰ ਨੇ ਵਿਚਾਰ ਕਰਨ ਤੋਂ ਬਾਅਦ ਉਕਤ ਸੰਕੇਤ ਦਿੱਤਾ ਹੈ। ਮੇਅਰ ਦਾ ਕਹਿਣਾ ਹੈ ਕਿ ਉਹ ਲੋਕਾਂ ਦਾ ਕਾਰੋਬਾਰ ਬੰਦ ਕਰਾਉਣ ਦੇ ਹੱਕ ਵਿੱਚ ਨਹੀਂ ਤੇ ਨਾ ਕਿਸੇ ਦਾ ਨੁਕਸਾਨ ਕਰਨਾ ਚਾਹੁੰਦੇ ਹਨ, ਇਸ ਲਈ ਚਾਹੁੰਦੇ ਹਨ, ਜਿਨ੍ਹਾਂ ਕਮਰਸ਼ੀਅਲ ਇਮਾਰਤਾਂ ਨੂੰ ਸੀਲ ਕੀਤਾ ਹੈ, ਉਨ੍ਹਾਂ ਦੀ ਸੀਲ ਖੋਲ੍ਹੀ ਜਾਵੇ।

## ਤੇਜ਼ ਰਫਤਾਰ ਕਾਰ ਰੁੱਖ ਨਾਲ ਟਕਰਾਉਣ ਕਾਰਨ ਦੋ ਮੌਤਾਂ

ਨਕੋਦਰ, 23 ਜਨਵਰੀ (ਪੋਸਟ ਬਿਊਰੋ)- ਨਕੋਦਰ-ਕਪੂਰਥਲਾ ਰੋਡ ਦੇ ਪਿੰਡ ਉਗੀ ਨੇੜੇ ਗੁਰਦੁਆਰਾ ਬੰਗਲਾ ਸਾਹਿਬ ਕੋਲ ਇੱਕ ਕਾਰ ਦੇ ਰੁੱਖ ਨਾਲ ਵੱਜਣ ਕਾਰਨ ਕਾਰ ਚਾਲਕ ਤੇ ਇੱਕ ਔਰਤ ਦੀ ਮੌਤ ਹੋ ਗਈ ਹੈ। ਪਤਾ ਲੱਗਾ ਹੈ ਕਿ ਕਾਲਾ ਸੰਘਿਆ (ਕਪੂਰਥਲਾ) ਵੱਲੋਂ ਆਕਾਸ਼ਦੀਪ ਸਿੰਘ ਪੁੱਤਰ ਬਲਕਾਰ ਸਿੰਘ ਪਿੰਡ ਜੱਲੋਵਾਲ (ਕਪੂਰਥਲਾ) ਸਵਿਫਟ ਕਾਰ ਵਿੱਚ ਦੋ ਔਰਤਾਂ ਤੇ ਇੱਕ ਬੱਚੀ ਸਮੇਤ ਨਕੋਦਰ ਵੱਲੋਂ ਜਾ ਰਿਹਾ ਸੀ ਕਿ ਗੱਡੀ ਦਾ ਅਚਾਨਕ ਸੰਤੁਲਨ ਵਿਗੜ ਗਿਆ। ਕਾਰ ਦੀ ਰਫਤਾਰ ਇੰਨੀ ਤੇਜ਼ ਸੀ ਕਿ ਟੱਕਰ ਵੱਜਣ ਨਾਲ ਰੁੱਖ ਜੜ੍ਹੋਂ ਪੁੱਟਿਆ ਗਿਆ। ਜ਼ਖਮੀਆਂ ਨੂੰ ਕਟਰ ਨਾਲ ਕਾਰ ਕੱਟ ਕੇ ਬਾਹਰ ਕੱਢਿਆ ਗਿਆ ਤਾਂ ਡਰਾਈਵਰ ਤੇ ਇੱਕ ਔਰਤ ਦੀ ਮੌਤ ਹੋ ਗਈ ਸੀ ਅਤੇ ਛੇ-ਸੱਤ ਸਾਲ ਦੀ ਬੱਚੀ ਤੇ ਇੱਕ ਔਰਤ ਜ਼ਖਮੀ ਹੋ ਗਈਆਂ ਸਨ।

ਏਦਾਂ ਹੀ ਇੱਕ ਹੋਰ ਹਾਦਸੇ ਵਿੱਚ ਮੈਨਬਰੋ ਚੌਕ ਵੱਲ ਜਾਂਦੀ ਸਵਿਫਟ ਕਾਰ ਬੇਕਾਬੂ ਹੋ ਕੇ ਡਿਵਾਈਡਰ ਉਤੇ ਚੜ੍ਹ ਗਈ ਤੇ ਖੰਭੇ ਨਾਲ ਜਾ ਟਕਰਾਈ, ਜਿਸ ਕਾਰਨ ਖੰਭਾ ਸੜਕ 'ਤੇ ਡਿੱਗ ਪਿਆ। ਲੋਕਾਂ ਦੇ ਮੁਤਾਬਕ ਕਾਰ ਵਿੱਚ ਦੋ ਨੌਜਵਾਨ ਸਨ, ਜਦੋਂ ਉਹ ਗੱਡੀ ਰਵਿਦਾਸ ਚੌਕ ਤੋਂ ਮੈਨਬਰੋ ਚੌਕ ਵੱਲ ਲਿਜਾਣ ਲੱਗੇ ਤਾਂ ਅਚਾਨਕ ਸੰਤੁਲਨ ਵਿਗੜ ਗਿਆ।

## ਘੋੜੀ ਉੱਤੇ ਬੈਠੇ ਹੋਏ ਲਾੜੇ ਨੂੰ ਗੋਲੀ ਮਾਰੀ ਗਈ

ਅੰਮ੍ਰਿਤਸਰ, 23 ਜਨਵਰੀ (ਪੋਸਟ ਬਿਊਰੋ)- ਸੀ-ਡਵੀਜ਼ਨ ਥਾਣੇ ਹੇਠ ਕਟੜਾ ਕਰਮ ਸਿੰਘ ਇਲਾਕੇ ਵਿੱਚ ਕੱਲ੍ਹ ਰਾਤ ਘੋੜੀ 'ਤੇ ਸਵਾਰ ਲਾੜੇ ਨੂੰ ਬਾਈਕ ਸਵਾਰ ਤਿੰਨ ਜਣਿਆਂ ਨੇ ਗੋਲੀ ਮਾਰ ਦਿੱਤੀ ਤਾਂ ਲਾੜਾ ਤੜਫਦੇ ਹੋਏ ਘੋੜੀ ਤੋਂ ਹੇਠਾਂ ਡਿੱਗ ਪਿਆ ਅਤੇ ਲੋਕਾਂ ਵਿੱਚ ਭਾਜੜ ਮਚ ਗਈ। ਪਰਿਵਾਰਕ ਮੈਂਬਰਾਂ ਤੇ ਬਰਾਤੀਆਂ ਨੇ ਲਾੜੇ ਨੂੰ ਨੇੜਲੇ ਹਸਪਤਾਲ ਦਾਖਲ ਕਾਰਇਆ। ਉਸ ਦੀ ਹਾਲਤ ਸਥਿਰ ਹੈ। ਸੀ-ਡਵੀਜ਼ਨ ਥਾਣੇ ਦੇ ਇੰਚਾਰਜ ਰਵਿਸ਼ੇਰ ਸਿੰਘ ਨੇ ਦੱਸਿਆ ਕਿ ਲਾਈਟ ਗੁਲ ਹੋਣ ਕਾਰਨ ਘਟਨਾ ਵਾਲੀ ਥਾਂ ਅਤੇ ਆਸਪਾਸ ਦੇ ਇਲਾਕੇ ਦੇ ਸੀ ਸੀ ਟੀ ਵੀ ਕੈਮਰੇ ਬੰਦ ਸਨ।

ਚਿੰਤਪੁਰਨੀ ਮਾਤਾ ਚੌਕ ਨੇੜੇ ਰਹਿਣ ਵਾਲੇ ਮਨੋਹਰ ਲਾਲ ਨੇ ਦੱਸਿਆ ਕਿ ਉਸ ਦਾ ਭਤੀਜਾ ਰਾਜੀਵ ਕੁਮਾਰ (29) ਅਕਾਊਂਟੈਂਟ ਦੇ ਕੋਲ ਨੌਕਰੀ ਕਰਦਾ ਹੈ। ਸੋਮਵਾਰ ਉਸ ਦਾ ਵਿਆਹ ਹੋਣਾ ਸੀ ਅਤੇ ਲਛਮਣਸਰ ਚੌਕ ਤੋਂ ਬਰਾਤ ਕਟੜਾ ਕਮਰ ਸਿੰਘ ਚੌਕ ਦੇ ਪਿਸ਼ੌਰੀ ਹਾਲ ਜਾਣੀ ਸੀ। ਰਾਤ ਲਗਭਗ 11.45 ਵਜੇ ਤਿੰਨ ਨੌਜਵਾਨ ਬਰਾਤ ਅੱਗੇ ਆਏ ਅਤੇ ਇੱਕ ਜਣੇ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇੱਕ ਗੋਲੀ ਰਾਜੀਵ ਦੀ ਛਾਤੀ ਵਿੱਚ ਜਾ ਲੱਗੀ ਤਾਂ ਬਰਾਤੀ ਵੀ ਆਪਣੀ ਜਾਨ ਬਚਾਉਣ ਲਈ ਭੱਜਣ ਲੱਗੇ ਅਤੇ ਬਾਈਕ ਸਵਾਰ ਨੌਜਵਾਨ ਫਰਾਰ ਹੋ ਗਏ।

## ਕਰਤਾਰਪੁਰ ਲਾਂਘਾ ਦੀ ਉਸਾਰੀ ਦੇ ਪਾਕਿਸਤਾਨ ਨੇ 14 ਫੋਟੋ ਤੇ ਵੀਡੀਓ ਭਾਰਤ ਨੂੰ ਭੇਜੇ

ਅੰਮ੍ਰਿਤਸਰ, 23 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਨੇ ਆਪਣ ਪਾਸੇ ਤੋਂ ਕਰਤਾਰਪੁਰ ਸਾਹਿਬ-ਡੇਰਾ ਬਾਬਾ ਨਾਨਕ ਵਾਲੇ ਲਾਂਘੇ ਲਈ ਭਾਰਤ ਸਰਕਾਰ ਨੂੰ ਭੇਜੇ ਸੰਭਾਵਤ ਸਮਝੌਤੇ ਦੇ ਖਰੜੇ ਦੇ ਨਾਲ ਇਸ ਲਾਂਘੇ ਦੇ ਵਿਕਾਸ ਨੂੰ ਪੇਸ਼ ਕਰ ਰਹੀਆਂ 14 ਰੰਗਦਾਰ ਤਸਵੀਰਾਂ ਅਤੇ ਇਕ ਵੀਡੀਓ ਵੀ ਭੇਜੀ ਹੈ। ਇਨ੍ਹਾਂ ਤਸਵੀਰਾਂ ਤੇ ਵੀਡੀਓ 'ਚ ਸਪੱਸ਼ਟ ਵਿਖਾਈ ਦੇ ਰਿਹਾ ਹੈ ਕਿ ਉਸ ਪਾਸੇ ਕਰਤਾਰਪੁਰ ਸਾਹਿਬ ਲਾਂਘੇ ਦੀ ਉਸਾਰੀ ਤੇਜ਼ੀ ਨਾਲ ਕੀਤੀ ਜਾ ਰਹੀ ਹੈ। ਇਸ ਉਸਾਰੀ ਦੇ ਕਾਰਨ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਕੰਪਲੈਕਸ 'ਚ ਵਾਧਾ ਕਰ ਕੇ ਗੁਰਦੁਆਰਾ ਸਾਹਿਬ ਦੀ ਹੱਦ ਅੰਦਰ ਹੀ ਯਾਤਰਾ ਨਾਲ ਸਬੰਧਤ ਦਫਤਰ, ਬਾਗ, ਲੰਗਰ ਹਾਲ ਅਤੇ ਹੋਰ ਕੰਪਲੈਕਸ ਉਸਾਰੇ ਜਾ ਰਹੇ ਹਨ ਤੇ ਗੁਰਦੁਆਰਾ ਸਾਹਿਬ ਦੇ ਚੁਫੇਰੇ ਨਵੀਂ ਉਚੀ ਮਜ਼ਬੂਤ ਦੀਵਾਰ ਵੀ ਲੱਗਭਗ ਉਸਾਰ ਲਈ ਗਈ ਹੈ।

ਵਰਣਣ ਯੋਗ ਹੈ ਕਿ ਭਾਰਤੀ ਸਿੱਖ ਯਾਤਰੂਆਂ ਨੂੰ ਵੀਜ਼ੇ ਤੋਂ ਬਿਨਾਂ ਪਹੁੰਚ ਦੇਣ ਲਈ ਇਸਲਾਮਾਬਾਦ ਵਿੱਚ ਭਾਰਤੀ ਹਾਈ ਕਮਿਸ਼ਨ ਦੇ ਰਾਹੀਂ ਪਾਕਿ ਸਰਕਾਰ ਨੇ ਕੱਲ੍ਹ ਲਾਂਘੇ ਨੂੰ ਸੁਚਾਰੂ ਢੰਗ ਨਾਲ ਸ਼ੁਰੂ ਕਰਨ ਲਈ ਇਸ ਬਾਰੇ ਸਮਝੌਤੇ ਦਾ ਤਿਆਰ ਕੀਤਾ ਖਰੜਾ ਭਾਰਤ ਸਰਕਾਰ ਨੂੰ ਸੌਂਪਿਆ ਸੀ। ਭਾਰਤ ਪਾਕਿ ਵਿੱਚ ਹੋਣ ਵਾਲੇ ਲਿਖਤੀ ਸਮਝੌਤੇ ਵਿੱਚ ਇਸ 'ਤੇ ਜ਼ੋਰ ਦਿੱਤਾ ਗਿਆ ਹੈ ਕਿ ਲਾਂਘੇ ਤੋਂ ਪਾਕਿਸਤਾਨ ਜਾਂਦੇ ਭਾਰਤੀ ਸਿੱਖ ਯਾਤਰੂਆਂ ਨੂੰ ਉਥੇ ਠਹਿਰਨ ਵੇਲੇ ਸਥਾਨਕ ਕਾਨੂੰਨਾਂ ਤੇ ਪਰੰਪਰਾਵਾਂ ਦਾ ਪਾਲਣ ਕਰਨਾ ਹੋਵੇਗਾ, ਉਹ ਘੱਟੋ-ਘੱਟ 15 ਮੈਂਬਰਾਂ ਦੇ ਜਥੇ ਵਿੱਚ ਆਉਣਗੇ, ਹਰ ਕਿਸੇ ਕੋਲ ਭਾਰਤੀ ਪਾਸਪੋਰਟ ਅਤੇ ਸਕਿਉਰਿਟੀ ਕਲੀਅਰੈਂਸ ਸਰਟੀਫਿਕੇਟ ਹੋਣਾ ਲਾਜ਼ਮੀ ਰਹੇਗਾ, ਯਾਤਰਾ 'ਤੇ ਆਉਣ ਤੋਂ ਘੱਟੋ-ਘੱਟ ਤਿੰਨ ਦਿਨ ਪਹਿਲਾਂ ਉਨ੍ਹਾਂ ਨੂੰ ਇਸ ਦੀ ਸੂਚਨਾ ਦੇਣੀ ਹੋਵੇਗੀ, ਯਾਤਰੂ ਗੁਰਦੁਆਰਾ ਸਾਹਿਬ ਵਿੱਚ ਆਉਣ ਉੱਤੇ ਉਥੋਂ ਬਾਹਰ ਨਹੀਂ ਜਾ ਸਕਣਗੇ ਤੇ ਮਿਥੇ ਸਮੇਂ ਅੰਦਰ ਉਨ੍ਹਾਂ ਨੂੰ ਵਾਪਸ ਜਾਣਾ ਹੋਵੇਗਾ।

# ਕਰਤਾਰਪੁਰ ਲਾਂਘਾ ਭਾਰਤ ਵੱਲੋਂ ਵੀ ਮਿੱਥੇ ਸਮੇਂ ਵਿੱਚ ਬਣ ਜਾਵੇਗਾ: ਰਾਜਨਾਥ ਸਿੰਘ



ਅਟਾਰੀ (ਅੰਮ੍ਰਿਤਸਰ), 23 ਜਨਵਰੀ (ਪੋਸਟ ਬਿਊਰੋ)- ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕੱਲ੍ਹ ਏਥੇ ਅਟਾਰੀ ਬਾਰਡਰ ਵਿਖੇ ਕਿਹਾ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਵਾਲਾ ਲਾਂਘਾ ਭਾਰਤ ਸਰਕਾਰ ਵੱਲੋਂ ਹਰ ਹਾਲ ਵਿੱਚ ਤਿਆਰ ਕੀਤਾ ਜਾਵੇਗਾ ਅਤੇ ਭਾਰਤ ਵਾਲੇ ਪਾਸੇ ਦਾ ਲਾਂਘੇ ਦਾ ਹਿੱਸਾ ਕੇਂਦਰ ਸਰਕਾਰ ਮਿਥੇ ਸਮੇਂ ਵਿੱਚ ਪੂਰਾ ਕਰੇਗੀ।

ਕੱਲ੍ਹ ਅਟਾਰੀ ਬਾਰਡਰ ਉੱਤੇ ਦਰਸ਼ਕ ਗੈਲਰੀ ਦਾ ਉਦਘਾਟਨ ਕਰਨ ਅਤੇ ਬੀ ਐਸ ਐਫ ਜਵਾਨਾਂ ਦੇ ਰਿਹਾਇਸ਼ੀ ਕੰਪਲੈਕਸ ਦਾ ਨੀਂਹ ਪੱਥਰ ਰੱਖਣ ਆਏ ਹੋਏ ਕੇਂਦਰੀ ਗ੍ਰਹਿ ਮੰਤਰੀ ਨੇ ਰੀਟਰੀਟ ਦੀ ਰਸਮ ਵੇਖਣ ਪਿੱਛੋਂ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਉਨ੍ਹਾਂ ਕੱਲ੍ਹ ਗੁਰਦੁਆਰਾ ਕਰਤਾਰ-ਪੁਰ ਸਾਹਿਬ ਲਾਂਘਾ ਯੋਜਨਾ ਬਾਰੇ ਵੱਖ-ਵੱਖ ਮੰਤਰਾਲਿਆਂ ਦੇ ਸਕੱਤਰਾਂ ਨਾਲ ਇਕ ਸਮੀਖਿਆ ਮੀਟਿੰਗ ਕੀਤੀ ਅਤੇ ਚੱਲਦੇ ਕੰਮ ਦਾ ਜਾਇਜ਼ਾ ਲਿਆ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੇ ਗੁਰ-ਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਭਾਰਤ ਸਰਕਾਰ ਪੂਰੀ ਤਰ੍ਹਾਂ ਸੁਹਿਰਦ ਹੈ ਅਤੇ ਭਾਰਤ ਵੱਲ ਦੇ ਲਾਂਘੇ ਦਾ ਕੰਮ ਮਿਥੇ ਸਮੇਂ ਵਿੱਚ ਪੂਰਾ ਕੀਤਾ ਜਾਵੇਗਾ। ਵਰਨਣ ਯੋਗ ਹੈ ਕਿ ਗੁਰਦ-ਆਰਾ ਕਰਤਾਰਪੁਰ ਸਾਹਿਬ ਲਾਂਘੇ ਬਾਰੇ ਦੁਵੱਲੇ ਸਮਝੌਤੇ ਮੁਤਾਬਕ ਪਾਕਿ-ਸਤਾਨ ਵਾਲੇ ਪਾਸੇ ਇਸ ਦਾ ਕੰਮ ਤੇਜ਼ੀ ਨਾਲ ਜਾਰੀ ਹੈ ਅਤੇ ਭਾਰਤ ਵਾਲੇ ਪਾਸਿਉਂ ਵੀ ਲਾਂਘੇ ਦੀ ਜ਼ਮੀਨ ਅਕੁਆਇਰ ਕਰਨ ਲਈ ਨੋਟੀਫਿਕੇਸ਼ਨ ਜਾਰੀ ਹੋ ਗਿਆ ਹੈ।

## ਚੋਣਾਂ ਕਾਰਨ 31 ਮਾਰਚ ਤੱਕ ਮੁਲਾਜ਼ਮਾਂ ਅਤੇ ਅਫਸਰਾਂ ਦੀ ਛੁੱਟੀ 'ਤੇ ਰੋਕ ਲੱਗੇਗੀ



ਚੰਡੀਗੜ੍ਹ, 23 ਜਨਵਰੀ (ਪੋਸਟ ਬਿਊਰੋ)- ਅਗਲੇ ਮਾਰਚ ਦੇ ਪਹਿਲੇ ਹਫਤੇ ਲੋਕ ਸਭਾ ਚੋਣਾਂ ਦੇ ਐਲਾਨ ਦੀ ਆਸ ਹੋਣ ਕਾਰਨ ਪੰਜਾਬ ਸਰਕਾਰ 31 ਮਾਰਚ ਤੱਕ ਮੁਲਾਜ਼ਮਾਂ ਅਤੇ ਅਧਿਕਾਰੀਆਂ ਦੀ ਛੁੱਟੀ 'ਤੇ ਰੋਕ ਲਾਉਣ ਲੱਗੀ ਹੈ। ਇਸ ਬਾਰੇ ਸ਼ੁਰੂਆਤ ਕਰਦਿਆਂ ਸਮਾਜਿਕ ਨਿਆਂ ਵਿਭਾਗ ਨੇ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ।

ਮਿਲੀ ਜਾਣਕਾਰੀ ਅਨੁਸਾਰ ਵਿਭਾਗ ਦੀ ਡਾਇਰੈਕਟਰ ਇੰਦੂ ਮਲਹੋਤਰਾ ਨੇ ਕੱਲ੍ਹ ਇਕ ਪੱਤਰ ਜਾਰੀ ਕਰ ਕੇ ਕਿਹਾ ਹੈ ਕਿ ਚੀਫ ਸੈਕਟਰੀ ਵੱਲੋਂ 15ਵੇਂ ਵਿੱਤ ਕਮਿਸ਼ਨ, ਪੰਜਾਬ ਵਿਧਾਨ ਸਭਾ ਦਾ ਬਜਟ ਸੈਸ਼ਨ ਅਤੇ ਲੋਕ ਸਭਾ ਚੋਣਾਂ ਦੀਆਂ ਤਿਆਰੀ ਨੂੰ ਮੁੱਖ ਰੱਖ ਕੇ ਹੁਕਮ ਜਾਰੀ ਹੋਏ ਹਨ ਕਿ 31 ਮਾਰਚ 2019 ਤੱਕ ਕੋਈ ਅਧਿਕਾਰੀ ਜਾਂ ਕਰਮਚਾਰੀ ਛੁੱਟੀ ਨਾ ਲਵੇ। ਵਿਭਾਗ ਦੀ ਡਾਇਰੈਕਟਰ ਨੇ ਹਦਾਇਤਾਂ ਵਿੱਚ ਲਿਖਿਆ ਕਿ ਸਰਕਾਰ ਦੇ ਇਹ ਹੁਕਮ ਤੁਰੰਤ ਲਾਗੂ ਹੋਣਗੇ।

We Provide services:
• Corporation Registration
• Corporation Tax Returns
• Personal Tax Retrurns
• Accounting • Book - Keeping
• H.S.T • WSIB • T4 • E-File
• Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

www.AREA REALTOR.com
Multi Award Winner Realtor
CENTURY 21 PRESIDENT
KAMAL SANDHU
Sales Representative
647.891.0143
905.488.2100 ext. 407

A/Z Drivers Needed/ਡਰਾਈਵਰਾਂ ਦੀ ਲੋੜ
➜ Team Drivers Needed Immediately
➜ Dedicated AutoPart Runs To Texas, Missouri, Kansas
➜ Permanent Schedule for whole year
➜ Always Go to same Shippers No Waiting at All
➜ Highest Pay Rate Package Plus HST
➜ New Model Volvo Trucks
➜ Paid Every Week On Friday
➜ 20,000 to 24,00 Miles in a Month
➜ Always Home At Weekends
➜ Can Work From Brampton, Woodstock or London
- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week
"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344



# ਕੋਰਟ ਨੇ ਕਿਹਾ, ਹਿੰਦੂ ਔਰਤ ਤੇ ਮੁਸਲਿਮ ਦਾ ਨਿਕਾਹ ਨਾਜਾਇਜ਼



ਨਵੀਂ ਦਿੱਲੀ, 23 ਜਨਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਇਕ ਅਹਿਮ ਫੈਸਲੇ ਵਿੱਚ ਕਿਹਾ ਹੈ ਕਿ ਕਿਸੇ ਹਿੰਦੂ ਮਹਿਲਾ ਦਾ ਮੁਸਲਿਮ ਮਰਦ ਨਾਲ ਨਿਕਾਹ ਬੇਨਿਯਮਾ ਜਾਂ ਨਾਜਾਇਜ਼ ਹੈ, ਪਰ ਉਨ੍ਹਾਂ ਦੇ ਨਿਕਾਹ ਤੋਂ ਪੈਦਾ ਹੋਣ ਵਾਲੀ ਔਲਾਦ ਫਿਰ ਵੀ ਜਾਇਜ਼ ਹੈ। ਕੱਲ੍ਹ ਸੁਣਾਏ ਆਪਣੇ ਫੈਸਲੇ 'ਚ ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕਿ ਇਸ ਤਰ੍ਹਾਂ ਦੇ ਬੇਨਿਯਮੀ ਨਿਕਾਹ ਦਾ ਕਾਨੂੰਨੀ ਪ੍ਰਭਾਵ ਇਹ ਹੈ ਕਿ ਔਰਤ ਮੇਹਰ ਦੀ ਹੱਕਦਾਰ ਹੁੰਦੀ ਹੈ, ਪਰ ਪਤੀ ਦੀ ਜਾਇਦਾਦ 'ਤੇ ਉਸ ਦਾ ਕੋਈ ਹੱਕ ਨਹੀਂ ਹੁੰਦਾ, ਉਨ੍ਹਾਂ ਤੋਂ ਪੈਦਾ ਬੱਚਾ ਜਾਇਜ਼ ਅਤੇ ਆਮ ਨਿਕਾਹ ਤੋਂ ਪੈਦਾ ਬੱਚਿਆਂ ਵਾਂਗ ਹੀ ਜਾਇਜ਼ ਹੈ ਤੇ ਪਿਤਾ ਦੀ ਜਾਇਦਾਦ 'ਤੇ ਉਸ ਦਾ ਹੱਕ ਬਣਦਾ ਹੈ।

ਜਸਟਿਸ ਐਨ ਵੀ ਰਮਨ ਅਤੇ ਜਸਟਿਸ ਐਮ ਐਮ ਸ਼ਾਂਤਾਨਗੌਦਰ ਦੀ ਬੈਂਚ ਨੇ ਕੇਰਲ ਹਾਈ ਕੋਰਟ ਦੇ ਫੈਸਲੇ ਨੂੰ ਸਹੀ ਮੰਨਿਆ ਹੈ। ਹਾਈ ਕੋਰਟ ਨੇ ਆਪਣੇ ਫੈਸਲੇ ਵਿੱਚ ਕਿਹਾ ਸੀ ਕਿ ਮੁਹੰਮਦ ਇਲਿਆਸ ਤੇ ਵਲਿੱਅਮਾ (ਵਿਆਹ ਸਮੇਂ ਜਿਹੜੀ ਹਿੰਦੂ ਸੀ) ਦਾ ਬੱਚਾ ਜਾਇਜ਼ ਅਤੇ ਕਾਨੂੰਨ ਮੁਤਾਬਕ ਪਿਤਾ ਦੀ ਜਾਇਦਾਦ 'ਚ ਹਿੱਸਾ ਲੈਣ ਦਾ ਹੱਕਦਾਰ ਹੈ। ਬੈਂਚ ਨੇ ਕਿਹਾ ਕਿ ਉਸ ਦਾ ਮੰਨਣਾ ਹੈ ਕਿ ਕਿਸੇ ਮੁਸਲਿਮ ਮਰਦ ਦਾ ਮੂਰਤੀ ਪੂਜਕ ਜਾਂ ਅਗਨੀ ਦੀ ਪੂਜਾ ਕਰਨ ਵਾਲੀ ਔਰਤ ਨਾਲ ਨਿਕਾਹ ਨਾ ਜਾਇਜ਼ ਹੈ ਤੇ ਨਾ ਮੰਨਣ ਯੋਗ ਹੋਣ ਤੋਂ ਬਾਹਰਾ ਹੈ, ਸਗੋਂ ਇਹ ਇਕ ਬੇਨਿਯਮੀ ਨਿਕਾਹ ਹੈ। ਅਜਿਹੇ ਨਿਕਾਹ ਤੋਂ ਪੈਦਾ ਹੋਣ ਵਾਲੀ ਸੰਤਾਨ ਨੂੰ ਆਪਣੇ ਪਿਤਾ ਦੀ ਜਾਇਦਾਦ 'ਚ ਹਿੱਸਾ ਲੈਣ ਦਾ ਹੱਕ ਹੈ। ਬੈਂਚ ਨੇ ਕੇਰਲ ਹਾਈ ਕੋਰਟ ਦੇ ਫੈਸਲੇ ਦੇ ਖਿਲਾਫ ਦਾਖਲ ਪਟੀਸ਼ਨ ਨੂੰ ਰੱਦ ਕਰ ਦਿੱਤਾ।

ਜਾਇਦਾਦ ਦੇ ਵਿਵਾਦ 'ਚ ਮੁਹੰਮਦ ਇਲਿਆਸ ਅਤੇ ਵਲਿੱਅਮਾ ਦੇ ਪੁੱਤਰ ਸ਼ਮਸੁਦੀਨ ਨੇ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਵਿਰਾਸਤ ਕਾਨੂੰਨ ਤਹਿਤ ਉਨ੍ਹਾਂ ਦੀ ਜਾਇਦਾਦ 'ਚ ਹਿੱਸਾ ਮੰਗਿਆ ਸੀ। ਬੈਂਚ ਨੇ ਕਿਹਾ ਕਿ ਬੇਨਿਯਮੀ ਨਿਕਾਹ 'ਚ ਕਾਨੂੰਨੀ ਅਸਰ ਇਹ ਹੁੰਦਾ ਹੈ ਕਿ ਉਸ ਦੀ ਸਮਾਪਤੀ 'ਤੇ ਪਤਨੀ ਨੂੰ ਮੇਹਰ ਪਾਉਣ ਦਾ ਹੱਕ ਹੁੰਦਾ ਹੈ, ਪਰ ਪਤੀ ਦੀ ਜਾਇਦਾਦ ਉਤੇ ਉਸ ਦਾ ਕੋਈ ਅਧਿਕਾਰ ਨਹੀਂ ਹੁੰਦਾ, ਜਦ ਕਿ ਉਨ੍ਹਾਂ ਦੇ ਬੱਚੇ ਦਾ ਪਿਤਾ ਦੀ ਜਾਇਦਾਦ 'ਚ ਹਿੱਸਾ ਬਣਦਾ ਹੈ। ਅਦਾਲਤ ਨੇ ਕਿਹਾ ਕਿ ਨਾ ਮੰਨਣਯੋਗ ਨਿਕਾਹ 'ਚ ਦੀਵਾਨੀ ਦਾ ਕੋਈ ਦਾਅਵਾ ਨਹੀਂ ਬਣਦਾ ਤੇ ਇਸ ਤਰ੍ਹਾਂ ਦੇ ਨਿਕਾਹ ਤੋਂ ਪੈਦਾ ਹੋਇਆ ਬੱਚਾ ਵੀ ਨਾਜਾਇਜ਼ ਹੈ। ਬੈਂਚ ਨੇ ਕਿਹਾ ਕਿ ਮੁਸਲਿਮ ਕਾਨੂੰਨ ਤਹਿਤ ਨਿਕਾਹ ਇਕ ਧਾਰਮਿਕ ਬੰਧਨ ਨਹੀਂ ਹੁੰਦਾ, ਸਗੋਂ ਨਾਗਰਿਕ ਸਮਝੌਤਾ (ਸਿਵਲ ਕਾਂਟ੍ਰੈਕਟ) ਹੁੰਦਾ ਹੈ ਅਤੇ ਇਸ ਵਿੱਚ ਤਿੰਨ ਤਰ੍ਹਾਂ ਦੇ ਨਿਕਾਹ ਹੁੰਦੇ ਹਨ- ਜਾਇਜ਼, ਬੇਨਿਯਮੀ ਅਤੇ ਨਾ ਮੰਨਣ ਯੋਗ।

ਜਾਇਦਾਦ ਉਤੇ ਸ਼ਮਸੁਦੀਨ ਦੇ ਦਾਅਵੇ ਦਾ ਉਸ ਦੇ ਮਤਰੇਏ ਭਰਾਵਾਂ ਨੇ ਵਿਰੋਧ ਕੀਤਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਵਿਆਹ ਸਮੇਂ ਵਲਿੱਅਮਾ ਨੇ ਮੁਸਲਿਮ ਧਰਮ ਸਵੀਕਾਰ ਨਹੀਂ ਕੀਤਾ ਸੀ ਤੇ ਉਹ ਹਿੰਦੂ ਸੀ। ਇਸ ਲਈ ਵਲਿੱਅਮਾ ਦਾ ਪੁੱਤਰ ਹੋਣ ਦੇ ਨਾਤੇ ਸ਼ਮਸੁਦੀਨ ਦਾ ਇਲਿਆਸ ਦੀ ਜਾਇਦਾਦ 'ਤੇ ਕੋਈ ਹੱਕ ਨਹੀਂ ਬਣਦਾ।

# ਕੇਜਰੀਵਾਲ ਨੂੰ ਧਮਕੀ ਦਾ ਫੋਨ ਅਮਰੀਕਾ ਤੋਂ ਆਇਆ

## * ਦੋਸ਼ੀ ਨੇ ਭਰਾ ਨੂੰ ਫਸਾਉਣ ਦੀ ਚਾਲ ਖੇਡੀ

ਨਵੀਂ ਦਿੱਲੀ, 23 ਜਨਵਰੀ (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੂੰ ਫੋਨ ਉੱਤੇ ਜਾਨ ਤੋਂ ਮਾਰਨ ਦੀ ਧਮਕੀ ਦੇਣ ਦੇ ਕੇਸ ਦਾ ਪਰਦਾ ਫਾਸ਼ ਹੋ ਗਿਆ ਹੈ। ਪੁਲਿਸ ਦੀ ਜਾਂਚ 'ਚ ਪਤਾ ਲੱਗਾ ਹੈ ਕਿ ਅਰਵਿੰਦ ਕੇਜਰੀਵਾਲ ਨੂੰ ਇਹ ਧਮਕੀ ਭਰਿਆ ਫੋਨ ਅਮਰੀਕਾ ਤੋਂ ਆਇਆ ਸੀ। ਇਹੀ ਨਹੀਂ, ਇਹ ਫੋਨ ਇਕ ਸ਼ਖਸ ਨੇ ਆਪਣੇ ਭਰਾ ਨੂੰ ਫਸਾਉਣ ਦੇ ਲਈ ਕੀਤਾ ਸੀ। ਸਥਾਨਕ ਪੁਲਸ ਦੇ ਮੁਤਾਬਕ ਜਾਂਚ ਦੌਰਾਨ ਪਤਾ ਲੱਗਾ ਕਿ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਧਮਕੀ ਵਾਲੀ ਕਾਲ ਕਰਨ ਵਾਲਾ ਵਿਕਾਸ ਟੈਂਟ ਹਾਊਸ ਦੇ ਮਾਲਕ ਭੋਲਾ ਦਾ ਭਰਾ ਹੈ। ਭੋਲਾ ਦਾ ਆਪਣੇ ਭਰਾ ਨਾਲ ਪ੍ਰਾਪਰਟੀ ਦਾ ਵਿਵਾਦ ਚੱਲ ਰਿਹਾ ਹੈ। ਇਸ ਕਾਰਨ ਉਸ ਦੇ ਭਰਾ ਨੇ ਉਸ ਨੂੰ ਫਸਾਉਣ ਲਈ ਕਾਲ ਕੀਤੀ ਸੀ। ਵਰਨਣ ਯੋਗ ਹੈ ਕਿ ਮੁੱਖ ਮੰਤਰੀ ਰਿਹਾਇਸ਼ ਦੇ ਲੈਂਡਲਾਈਨ ਫੋਨ ਉੱਤੇ ਸੋਮਵਾਰ ਸਵੇਰੇ ਕਿਸੇ ਅਣਪਛਾਤੇ ਕਾਲਰ ਨੇ ਫੋਨ ਉੱਤੇ ਕਿਹਾ ਕਿ ਕੇਜਰੀਵਾਲ ਨੂੰ ਜਲਦੀ ਹੀ ਭਾਰੀ ਕੀਮਤ ਚੁਕਾਉਣੀ ਪਵੇਗੀ ਤੇ ਉਸ ਉਤੇ ਹਮਲਾ ਹੋਣ ਵਾਲਾ ਹੈ। ਇਸ ਕਾਲਰ ਨੇ ਇਹ ਵੀ ਕਿਹਾ ਸੀ ਕਿ ਭੋਲਾ ਨਾਂ ਦਾ ਸ਼ਖਸ ਹਮਲਾ ਕਰੇਗਾ, ਜਿਸ ਦਾ ਵਿਕਾਸਪੁਰੀ ਵਿੱਚ ਟੈਂਟ ਹਾਊਸ ਹੈ। ਦਿੱਲੀ ਪੁਲਿਸ ਮੁਤਾਬਕ ਦਿੱਲੀ ਦੇ ਮੁੱਖ ਮੰਤਰੀ ਨਾਲ ਜੁੜੇ ਕੇਸ ਦੀ ਜਾਂਚ ਵੇਲੇ ਪੁਲਿਸ ਨੂੰ ਸ਼ੱਕ ਪਿਆ ਤਾਂ ਭੋਲਾ ਦੇ ਜ਼ਰੀਏ ਅਮਰੀਕਾ ਫੋਨ ਕਰਵਾਇਆ। ਏਦਾਂ ਕਰਦੇ ਸਾਰ ਧਮਕੀ ਵਾਲੇ ਕਾਲ ਦੇ ਨੰਬਰ ਦਾ ਮਿਲਾਣ ਭੋਲਾ ਦੇ ਨੰਬਰ ਤੋਂ ਹੋ ਗਿਆ।

# ਪਤਨੀਆਂ ਵੱਲੋਂ ਗੁਜ਼ਾਰਾ ਭੱਤਾ ਮੰਗਦੇ ਸਾਰ ਪਤੀ ਕੰਗਾਲ ਹੋ ਜਾਂਦੇ ਹਨ: ਸੁਪਰੀਮ ਕੋਰਟ



ਨਵੀਂ ਦਿੱਲੀ, 23 ਜਨਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕਿਹਾ ਹੈ ਕਿ ਜਦ ਵੱਖ ਰਹਿੰਦੀਆਂ ਪਤਨੀਆਂ ਗੁਜ਼ਾਰਾ ਭੱਤੇ ਦੀ ਮੰਗ ਕਰਦੀਆਂ ਹਨ ਤਾਂ ਪਤੀ ਕਹਿਣ ਲੱਗਦੇ ਹਨ ਕਿ ਉਹ ਆਰਥਿਕ ਤੰਗੀ ਵਿੱਚ ਦਿਨ ਕੱਟ ਰਹੇ ਜਾਂ ਕੰਗਾਲ ਹੋ ਗਏ ਹਨ। ਕੋਰਟ ਨੇ ਇਹ ਟਿੱਪਣੀ ਇੱਕ ਪ੍ਰਸਿੱਧ ਹਸਪਤਾਲ ਵਿੱਚ ਕੰਮ ਕਰਦੇ ਹੈਦਰਾਬਾਦ ਦੇ ਡਾਕਟਰ ਨੂੰ ਇਹ ਨਸੀਹਤ ਦਿੰਦੇ ਹੋਏ ਕੀਤੀ ਕਿ ਉਹ ਸਿਰਫ ਇਸ ਲਈ ਨੌਕਰੀ ਨਾ ਛੱਡ ਦੇਣ ਕਿ ਪਤਨੀ ਗੁਜ਼ਾਰਾ ਭੱਤਾ ਮੰਗਦੀ ਹੈ।

ਜਸਟਿਸ ਡੀ ਵਾਈ ਚੰਦਰਚੂੜ ਤੇ ਜਸਟਿਸ ਹੇਮੰਤ ਗੁਪਤਾ ਦੀ ਬੈਂਚ ਨੇ ਆਂਧਰਾ ਪ੍ਰਦੇਸ਼ ਹਾਈ ਕੋਰਟ ਵੱਲੋਂ ਦਿੱਤੇ ਉਸ ਹੁਕਮ ਵਿੱਚ ਦਖਲ ਦੇਣ ਤੋਂ ਇਨਕਾਰ ਕਰ ਦਿੱਤਾ, ਜਿਸ ਵਿੱਚ ਡਾਕਟਰ ਨੂੰ ਕਿਹਾ ਗਿਆ ਸੀ ਕਿ ਉਹ ਵੱਖ ਰਹਿੰਦੀ ਆਪਣੀ ਪਤਨੀ ਨੂੰ ਗੁਜ਼ਾਰੇ ਲਈ ਅੰਤ੍ਰਿਮ ਤੌਰ 'ਤੇ 15000 ਰੁਪਏ ਮਹੀਨਾ ਦੇਣ। ਬੈਂਚ ਨੇ ਕਿਹਾ, ਸਾਨੂੰ ਦੱਸੋ ਕਿ ਅੱਜ ਦੇ ਸਮੇਂ ਵਿੱਚ ਕੀ ਕਿਸੇ ਬੱਚੇ ਦਾ ਪਾਲਣ-ਪੋਸਣ ਸਿਰਫ 15000 ਰੁਪਏ ਵਿੱਚ ਕਰਨਾ ਸੰਭਵ ਹੈ? ਪਟੀਸ਼ਨ ਕਰਤਾ ਪਤੀ ਦੇ ਵਕੀਲ ਨੇ ਕਿਹਾ ਕਿ ਅੰਤ੍ਰਿਮ ਮਦਦ ਲਈ ਤੈਅ ਕੀਤੀ ਰਕਮ ਬਹੁਤ ਜ਼ਿਆਦਾ ਹੈ ਤੇ ਸੁਪਰੀਮ ਕੋਰਟ ਨੂੰ ਹਾਈ ਕੋਰਟ ਦਾ ਹੁਕਮ ਲਾਂਭੇ ਕਰ ਦੇਣਾ ਚਾਹੀਦਾ ਹੈ। ਜੱਜਾਂ ਨੇ ਕਿਹਾ ਕਿ ਪਟੀਸ਼ਨਰ ਇੱਕ ਪ੍ਰਸਿੱਧ ਹਸਪਤਾਲ ਦਾ ਡਾਕਟਰ ਹੈ ਤੇ ਉਂਝ ਵੀ ਇਹ ਕੱਚਾ ਆਦੇਸ਼ ਹੈ, ਜਿਸ ਵਿੱਚ ਦਖਲ ਦੀ ਲੋੜ ਨਹੀਂ।

# ਬੀ ਐਸ ਐਫ ਨੇ 31 ਰੋਹਿੰਗਿਆ ਮੁਸਲਮਾਨ ਪੁਲਸ ਹਵਾਲੇ ਕੀਤੇ

ਅਗਰਤਲਾ, 23 ਜਨਵਰੀ (ਪੋਸਟ ਬਿਊਰੋ)- ਭਾਰਤ-ਬੰਗਲਾ ਦੇਸ਼ ਸਰਹੱਦ ਉੱਤੇ 18 ਜਨਵਰੀ ਤੋਂ ਫਸੇ 31 ਰੋਹਿੰਗਿਆ ਮੁਸਲਮਾਨਾਂ ਨੂੰ ਸੀਮਾ ਸੁਰੱਖਿਆ ਬਲ (ਬੀ ਐੱਸ ਐੱਫ) ਨੇ ਤ੍ਰਿਪੁਰਾ ਪੁਲਸ ਦੇ ਹਵਾਲੇ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਇਸ ਮੁੱਦੇ ਉੱਤੇ ਬੀ ਐੱਸ ਐੱਫ ਅਤੇ ਬਾਰਡਰ ਗਾਰਡਜ਼ ਬੰਗਲਾ ਦੇਸ਼ (ਬੀ ਜੀ ਬੀ) ਦੇ ਅਧਿਕਾਰੀਆਂ ਵਿਚਾਲੇ ਬੈਠਕ ਵਿੱਚ ਵੀ ਇਸ ਦਾ ਕੋਈ ਹੱਲ ਨਹੀਂ ਨਿਕਲਿਆ ਸੀ।

ਅਸਲ ਵਿੱਚ ਰੋਹਿੰਗਿਆ ਮੁਸਲਮਾਨ ਬੀਤੇ ਸ਼ੁੱਕਰਵਾਰ ਤੋਂ ਤ੍ਰਿਪੁਰਾ ਵਿੱਚ ਭਾਰਤ-ਬੰਗਲਾ ਦੇਸ਼ ਸਰਹੱਦ ਉਤੇ ਫਸੇ ਹੋਏ ਸਨ। ਇਸ ਸਥਿਤੀ ਬਾਰੇ ਬੀ ਐੱਸ ਐੱਫ ਅਤੇ ਬੰਗਲ ਬਾਰਡਰ ਗਾਰਡਸ ਬੰਗਲਾ ਦੇਸ਼ (ਬੀ ਜੀ ਬੀ) ਵਿਚਾਲੇ ਇੱਕ ਦੂਜੇ ਉੱਤੇ ਦੋਸ਼ ਲਾਉਣ ਦਾ ਸਿਲਸਿਲਾ ਸ਼ੁਰੂ ਹੋਇਆ ਸੀ ਅਤੇ ਦੋਵਾਂ ਧਿਰਾਂ ਨੇ ਇੱਕ ਦੂਜੇ ਉੱਤੇ ਇਨ੍ਹਾਂ ਲੋਕਾਂ ਨੂੰ ਉਸ ਦੇ ਇਲਾਕੇ ਵੱਲ ਧੱਕਣ ਦਾ ਦੋਸ਼ ਲਾਇਆ ਸੀ। ਬੀ ਐੱਸ ਐੱਫ ਦੇ ਅਧਿਕਾਰੀ ਬ੍ਰਿਜੇਸ਼ ਕੁਮਾਰ ਨੇ ਕਿਹਾ, ਰੋਹਿੰਗਿਆ 18 ਜਨਵਰੀ ਤੋਂ ਕੰਡੇਦਾਰ ਵਾੜ ਦੇ ਪਿੱਛੇ ਸਨ। ਅਸੀਂ ਇਸ ਮੁੱਦੇ ਨੂੰ ਬੀ ਜੀ ਡੀ ਕੋਲ ਚੁੱਕਿਆ ਅਤੇ ਉਨ੍ਹਾਂ ਨੂੰ ਬੰਗਲਾ ਦੇਸ਼ ਵਿੱਚ ਵਾਪਸ ਲੈਣ ਦੀ ਅਪੀਲ ਕੀਤੀ, ਪਰ ਉਨ੍ਹਾਂ ਨੇ ਇਨਕਾਰ ਕਰ ਦਿੱਤਾ। ਬੀ ਜੀ ਡੀ ਨਾਲ ਕਈ ਗੇੜਾਂ ਦੀ ਗੱਲਬਾਤ ਨਾਕਾਮ ਰਹੀ, ਇਸ ਲਈ ਅਸੀਂ ਉਨ੍ਹਾਂ ਨੂੰ ਪੁਲਸ ਨੂੰ ਸੌਂਪ ਦਿੱਤਾ ਹੈ।

# ਉੱਤਰ ਪ੍ਰਦੇਸ਼ ਵਿੱਚ ਸੀਟਾਂ ਦੀ ਵੰਡ ਬਾਰੇ ਭਾਜਪਾ ਉੱਤੇ ਸਹਿਯੋਗੀ ਧਿਰਾਂ ਦਾ ਦਬਾਅ ਵਧਿਆ



ਲਖਨਊ, 23 ਜਨਵਰੀ (ਪੋਸਟ ਬਿਊਰੋ)- ਪਿਛਲੀ ਵਾਰੀ ਪਾਰਲੀਮੈਂਟ ਚੋਣਾਂ ਸਮੇਂ ਪੇਸ਼ ਕੀਤੇ ਭਾਜਪਾ ਦੇ 'ਸਬਕਾ ਸਾਥ-ਸਬਕਾ ਵਿਕਾਸ' ਵਾਲੇ ਨਾਅਰੇ ਦੀ ਰਾਹ ਉੱਤੇ ਚਲਦੇ ਹੋਏ ਕੌਮੀ ਜਮਹੂਰੀ ਗਠਜੋੜ (ਐਨ ਡੀ ਏ) ਵਾਲੇ ਸਾਰੇ ਸਹਿਯੋਗੀ ਦਲ ਇਸ ਵਾਰੀ ਯੂ ਪੀ ਵਿੱਚ ਚੋਣ ਲੜਨ ਲਈ ਬੇਚੈਨ ਹੋ ਗਏ ਹਨ। ਸਮਾਜਵਾਦੀ-ਬਸਪਾ ਗਠਜੋੜ ਦੀ ਕਾਟ ਕਰਨ ਦੇ ਲਈ ਭਾਜਪਾ ਨਵੇਂ ਫਾਰਮੂਲੇ ਦੀ ਤਲਾਸ਼ ਕਰ ਰਹੀ ਹੈ। ਇਸ ਲਈ ਸਹਿਯੋਗੀ ਦਲਾਂ ਦੇ ਇਰਾਦੇ ਨੂੰ ਹਵਾ ਮਿਲਣ ਲੱਗੀ ਹੈ। ਦੂਸਰੇ ਰਾਜਾਂ ਦੀਆਂ ਖੇਤਰੀ ਪਾਰਟੀਆਂ ਦਾ ਉੱਤਰ ਪ੍ਰਦੇਸ਼ ਵਿੱਚ ਕੋਈ ਆਧਾਰ ਨਹੀਂ ਹੈ, ਪਰੰਤੂ ਗਠਜੋੜ ਦੀ ਨਵੀਂ ਸਿਆਸਤ ਨੇ ਉਨ੍ਹਾਂ ਨੂੰ ਦਬਾਅ ਬਣਾਉਣ ਦਾ ਮੌਕਾ ਦੇ ਦਿੱਤਾ ਹੈ।

ਵਰਨਣ ਯੋਗ ਹੈ ਕਿ ਯੂ ਪੀ ਵਿੱਚ ਭਾਜਪਾ 2014 ਦੀਆਂ ਲੋਕ ਸਭਾ ਚੋਣਾਂ ਵਿੱਚ 78 ਸੀਟਾਂ ਖੁਦ ਲੜੀ ਅਤੇ ਦੋ ਸੀਟਾਂ 'ਅਪਨਾ ਦਲ' ਨੂੰ ਦਿੱਤੀਆਂ ਸਨ। ਅਪਨ ਦਲ ਦੀ ਟਿਕਟ 'ਤੇ ਅਨੁਪ੍ਰੀਆ ਪਟੇਲ ਮਿਰਜ਼ਾਪੁਰ ਤੋਂ ਤੇ ਅਖਿਲ ਭਾਰਤੀ ਖੱਤਰੀ ਮਹਾਸਭਾ ਦੇ ਪ੍ਰਧਾਨ ਕੁੰਵਰ ਹਰਿਵੰਸ਼ ਸਿੰਘ ਪ੍ਰਤਾਪਗੜ੍ਹ ਤੋਂ ਚੋਣ ਜਿੱਤੇ ਸਨ, ਬਾਕੀ 78 ਸੀਟਾਂ ਤੋਂ ਭਾਜਪਾ ਦੀ ਟਿਕਟ ਵਾਲੇ 71 ਉਮੀਦਵਾਰ ਜਿੱਤੇ ਸਨ। ਇਸ ਵਾਰ ਅਪਨਾ ਦਲ ਵਿੱਚ ਵੰਡ ਦੇ ਬਾਅਦ ਅਨੁਪ੍ਰੀਆ ਤੇ ਹਰਿਵੰਸ਼ ਦੇ ਰਾਹ ਵੱਖ-ਵੱਖ ਹੈ। ਅਨੁਪ੍ਰੀਆ ਘੱਟੋ ਘੱਟ ਦੋ ਸੀਟਾਂ ਮੰਗ ਰਹੀ ਹੈ, ਪਰ ਹਰਿਵੰਸ਼ ਨੂੰ ਟਿਕਟ ਦੇਣ ਦੇ ਹੱਕ ਵਿੱਚ ਨਹੀਂ। ਮੋਦੀ-ਸ਼ਾਹ ਦੇ ਹੱਕ ਵਿੱਚ ਖੱਤਰੀ ਸੰਮੇਲਨ ਕਰ ਰਹੇ ਹਰਿਵੰਸ਼ ਕੁਝ ਛੋਟੇ ਦਲਾਂ ਨੂੰ ਨਾਲ ਲੈ ਕੇ ਵੱਖਰੀਆਂ ਦੋ ਸੀਟਾਂ ਦੀ ਮੰਗ ਕਰ ਰਹੇ ਹਨ। ਕਿਉਂਕਿ ਭਾਜਪਾ ਨੇ ਸਮਾਜਵਾਦੀ-ਬਸਪਾ ਗਠਜੋੜ ਨੂੰ ਪ੍ਰਭਾਵਹੀਣ ਕਰਨ ਲਈ ਜਾਤੀ ਸਮੀਕਰਣ ਉੱਤੇ ਜ਼ੋਰ ਦਿੱਤਾ ਹੈ, ਇਸ ਲਈ ਸਹਿਯੋਗੀਆਂ ਨਾਲ ਗੱਲ ਚੱਲ ਰਹੀ ਹੈ। ਵਿਧਾਨ ਸਭਾ ਚੋਣਾਂ ਵਿੱਚ ਸਹਿਯੋਗੀ ਬਣੇ ਯੋਗੀ ਸਰਕਾਰ ਦੇ ਮੰਤਰੀ ਓਮ ਪ੍ਰਕਾਸ਼ ਰਾਜਭਰ ਨੇ ਪਿਛਲੇ ਡੇਢ ਸਾਲ ਤੋਂ ਭਾਜਪਾ ਦੇ ਨੱਕ ਵਿੱਚ ਦਮ ਕੀਤਾ ਪਿਆ ਹੈ, ਪਰ ਸੰਕੇਤ ਇਹੀ ਮਿਲ ਰਹੇ ਹਨ ਕਿ ਚੋਣਾਂ ਵਿੱਚ ਆਪਣੇ ਪੁੱਤਰ ਵਾਸਤੇ ਸੀਟ ਮਿਲਣ ਦੇ ਬਾਅਦ ਉਨ੍ਹਾਂ ਦਾ ਰੁਖ ਬਦਲ ਜਾਏਗਾ। ਐਨ ਡੀ ਏ ਗੱਠਜੋੜ ਵਿੱਚ ਸ਼ਾਮਲ ਜਨਤਾ ਦਲ ਯੂ ਅਤੇ ਲੋਕ ਜਨਸ਼ਕਤੀ ਪਾਰਟੀ ਦਾ ਬਿਹਾਰ ਵਿੱਚ ਪ੍ਰਭਾਵ ਹੈ, ਪਰ ਉਨ੍ਹਾਂ ਦੋਵਾਂ ਦਾ ਉਤਰ ਪ੍ਰਦੇਸ਼ ਵਿੱਚ ਦਾਅਵਾ ਵਧ ਗਿਆ ਹੈ। ਨਿਤੀਸ਼ ਕੁਮਾਰ ਦਾ ਕੁਰਮੀ ਬਿਰਾਦਰੀ ਵਿੱਚ ਪ੍ਰਭਾਵ ਦੇਖ ਕੇ ਭਾਜਪਾ ਦੇ ਹੱਕ ਵਿੱਚ ਕੁਰਮੀ ਸਮਾਜ ਨੂੰ ਲਾਮਬੰਦ ਕਰਨ ਦੇ ਦਾਅਵੇ ਨਾਲ ਜਨਤਾ ਦਲ ਯੂ ਦਾ ਦਬਾਅ ਵਧ ਰਿਹਾ ਹੈ।


ੴ ਸਤਿਗੁਰ ਪ੍ਰਸਾਦਿ ॥

ਗੁਰਮੁਖ ਪਿਆਰੇ, ਬ੍ਰਹਮਗਿਆਨੀ,


## ਸ੍ਰੀ ਮਾਨ ਸੰਤ ਅਤਰ ਸਿੰਘ ਜੀ ਮਹਾਰਾਜ

ਮਸਤੂਆਣੇ ਸਾਹਿਬ ਵਾਲਿਆਂ ਦੀ 92 ਵੀਂ ਬਰਸੀ
ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਮਾਲਟਨ ਵਿਖੇ
3 ਫਰਵਰੀ 2019 ਦਿਨ ਐਂਤਵਾਰ ਨੂੰ

1 ਫਰਵਰੀ ਦਿਨ ਸ਼ੁਕਰਵਾਰ ਨੂੰ ਸੁਬੇਰੇ 10.30 ਆਰੰਭ ਸ੍ਰੀ ਅਖੰਡ ਪਾਠ
3 ਫਰਵਰੀ ਦਿਨ ਐਂਤਵਾਰ : ਭੋਗ ਸ੍ਰੀ ਅਖੰਡ ਪਾਠ ਸੁਬੇਰੇ 10.30 ਵਜੇ
: ਕੀਰਤਨ ਕਥਾ ਅਤੇ ਢਾਡੀ ਵਾਰਾਂ ਇੱਕ ਵਜੇ ਤੱਕ

ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਨਿਮਰਤਾ ਸਹਿਤ ਬੇਨਤੀ ਹੈ ਕਿ ਮਹਾਂਪੁਰਖਾ ਦੇ ਕੀਤੇ ਪਰੋਪਕਾਰਾਂ ਨੂੰ ਵਿਚਾਰਨ ਹਿਤ ਸਮੇਂ ਸਿਰ ਪਹੁੰਚਕੇ ਧੰਨਵਾਦੀ ਬਣਾਓ ਜੀ।

ਸਤਿਕਾਰਯੋਗ ਗੁਰੂ ਪਿਆਰਿਓ,
ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਵੀਹਵੀਂ ਸਦੀ ਦੇ ਅਜਿਹੇ ਅਵਤਾਰੀ ਮਹਾਂਪੁਰਸ਼ ਸਨ ਜਿਨਾਂ ਨੇ ਰੂਹਾਨੀ ਜਗਤ ਦੀਆਂ ਬੁਲੰਦੀਆਂ ਨੂੰ ਛੂਹਿਆ। ਆਪ ਜੀ ਦੇ ਪੰਜ ਭੂਤਕ ਸ਼ਰੀਰ ਵਿੱਚੋਂ ਸਾਕਸ਼ਾਤ ਪਰਮੇਸ਼ਰ ਦੇ ਦਰਸ਼ਨ ਹੁੰਦੇ ਸਨ। ਬਾਲ ਅਵਸਥਾ ਤੋਂ ਹੀ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਕੇ, ਗੁਰਮਤਿ ਅਨੁਸਾਰ ਨਾਮ ਸਿਮਰਨ ਦੀ ਕਰੜੀ ਘਾਲਣਾ ਘਾਲੀ ਅਤੇ ਸੁਰਤਿ ਨੂੰ ਸਦਾ ਪ੍ਰਭੂ ਚਰਨਾਂ ਨਾਲ ਜੋੜੀ ਰੱਖਿਆ। ਦੇਸ਼ ਵਿੱਚ ਰਟਨ ਕਰਕੇ ਗੁਰਬਾਣੀ, ਗੁਰਮਤਿ ਅਤੇ ਗੁਰੂ ਇਤਿਹਾਸ ਦਾ ਸੰਦੇਸ਼ ਘਰ ਘਰ ਪਹੁੰਚਾਇਆ। ਚਾਰ ਸੌ ਦੇ ਕਰੀਬ ਗੁਰਦਵਾਰਿਆਂ, ਸਕੂਲਾਂ, ਕਾਲਜਾਂ ਦੀ ਸਥਾਪਨਾ ਕੀਤੀ। ਕਰੀਬ ੧੪ ਲੱਖ ਤੋਂ ਵੱਧ ਜੀਵਾਂ ਨੂੰ ਅੰਮ੍ਰਿਤ ਛਕਾ ਕੇ ਸਿੱਖੀ ਕੇਸਾਂ ਸਵਾਸਾਂ ਨਾਲ ਨਿਭੌਣ ਦੀ ਪ੍ਰੇਰਣਾ ਦਿੱਤੀ। ਸਾਰੇ ਦੇਸ਼ ਦਾ ਭਰਮਣ ਕਰਕੇ ਗਰਕ ਰਹੀ ਸਿੱਖੀ ਨੂੰ ਮੁੜ ਸੁਰਜੀਤ ਕੀਤਾ। ਆਪ ਜੀ ਨੇ ਗੁਰਮਤਿ ਅਨੁਸਾਰ ਜੀਵਨ ਜਾਂਚ ਅਪਨਾ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦੱਸੇ ਪੂਰਨ-ਪੁਰਖ, ਸੰਤ-ਪਦ, ਬ੍ਰਹਮਗਿਆਨੀ, ਸਾਧੂ, ਭਗਤ, ਆਦਿ ਗੌਰਵਪੂਰਣ ਸ਼ਬਦਾਂ ਨੂੰ ਸਾਕਾਰ ਕੀਤਾ।
( ਬੇਨਤੀ ਕਰਤਾ : ਜਗਤਾਰ ਸਿੰਘ ਮਾਨ )



PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed
Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

◆ Insurance ◆
Punjab Insurance Inc
- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA
Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6



# ਸੋਸ਼ਲ ਮੀਡੀਆ ਵਰਤਣ ਤੋਂ ਬਿਨਾ ਵੀ ਪ੍ਰਾਈਵੇਸੀ ਨੂੰ ਖਤਰਾ

ਨਿਊ ਯਾਰਕ, 23 ਜਨਵਰੀ (ਪੋਸਟ ਬਿਊਰੋ)- ਫੇਸਬੁਕ ਤੇ ਟਵਿੱਟਰ ਵਰਗੇ ਸੋਸ਼ਲ ਨੈਟਵਰਕਿੰਗ ਪਲੇਟਫਾਰਮਾਂ ਨਾਲ ਲੋਕਾਂ ਦੀ ਪ੍ਰਾਈਵੇਸੀ ਵਿੱਚ ਸੰਨ੍ਹ ਦੀਆਂ ਗੱਲਾਂ ਸਾਹਮਣੇ ਆਉਂਦੀਆਂ ਰਹਿਣ ਦੌਰਾਨ ਉਹ ਲੋਕ ਤਸੱਲੀ ਵਿੱਚ ਰਹਿੰਦੇ ਹਨ, ਜਿਨ੍ਹਾਂ ਨੇ ਸੋਸ਼ਲ ਮੀਡੀਆ ਤੋਂ ਦੂਰ ਰੱਖੀ ਹੋਈ ਹੈ। ਪਿੱਛੇ ਜਿਹੇ ਹੋਏ ਇੱਕ ਸਰਵੇ ਦੇ ਨਤੀਜ ਉਨ੍ਹਾਂ ਲੋਕਾਂ ਦੀ ਨੀਂਦ ਉਡਾ ਸਕਦੇ ਹਨ। ਇਸ ਸਰਵੇ ਨੂੰ ਅਮਰੀਕਾ ਦੀ ਯੂਨੀਵਰਸਿਟੀ ਆਫ ਵਰਮਾਂਟ ਅਤੇ ਆਸਟਰੇਲੀਆ ਦੀ ਯੂਨੀਵਰਸਿਟੀ ਆਫ ਐਡੀਲੇਡ ਖੋਜਕਾਰਾਂ ਨੇ ਕਰਵਾ ਕੇ ਪੇਸ਼ ਕੀਤਾ ਹੈ।

ਖੋਜਕਾਰਾਂ ਨੇ ਕਿਹਾ ਕਿ ਜੋ ਲੋਕ ਸੋਸ਼ਲ ਮੀਡੀਆ 'ਤੇ ਨਹੀਂ ਆਉਂਦੇ, ਉਨ੍ਹਾਂ ਬਾਰੇ ਉਨ੍ਹਾਂ ਦੇ ਦੋਸਤਾਂ ਅਤੇ ਕਰੀਬੀ ਲੋਕਾਂ ਦੀ ਪੋਸਟ ਤੋਂ ਬਹੁਤ ਕੁਝ ਪਤਾ ਲੱਗ ਜਾਂਦਾ ਹੈ। ਕਈ ਵਾਰ ਇਨ੍ਹਾਂ ਪੋਸਟਾਂ ਤੋਂ 95 ਫੀਸਦੀ ਤੱਕ ਇਸ ਗੱਲ ਦਾ ਸਹੀ ਅੰਦਾਜ਼ਾ ਲੱਗ ਸਕਦਾ ਹੈ ਕਿ ਆਉਂਦੇ ਦਿਨਾਂ ਵਿੱਚ ਕਿਸੇ ਦੀ ਕੀ ਯੋਜਨਾ ਹੈ। ਇਸ ਸਰਵੇ ਮੁਤਾਬਕ ਸੋਸ਼ਲ ਮੀਡੀਆ ਦੀ ਦੁਨੀਆ ਵਿੱਚ ਪ੍ਰਾਈਵੇਸੀ ਸੈਕਿੰਡ ਹੈਂਡ ਸਮੋਕਿੰਗ ਵਾਂਗ ਹੈ। ਜਿਵੇਂ ਆਸਪਾਸ ਕਿਸੇ ਵੱਲੋਂ ਸਿਗਰਟ ਪੀਣ ਨਾਲ ਤੁਹਾਡੀ ਸਿਹਤ ਨੂੰ ਖਤਰਾ ਹੁੰਦਾ ਹੈ, ਏਦਾਂ ਹੀ ਤੁਹਾਡੇ ਦੋਸਤਾਂ ਦੇ ਸੋਸ਼ਲ ਮੀਡੀਆ ਤੋਂ ਤੁਹਾਡੀ ਨਿੱਜਤਾ ਨੂੰ ਖਤਰਾ ਹੋ ਸਕਦਾ ਹੈ। ਸਰਵੇ ਦੇ ਲਈ ਵਿਗਿਆਨੀਆਂ ਨੇ ਟਵਿੱਟਰ 'ਤੇ 13905 ਯੂਜ਼ਰਜ਼ ਦੇ ਤਿੰਨ ਕਰੋੜ ਤੋਂ ਵੱਧ ਪਬਲਿਕ ਪੋਸਟ ਦਾ ਵਿਸ਼ਲੇਸ਼ਣ ਕੀਤਾ ਅਤੇ ਪਾਇਆ ਕਿ ਤੁਹਾਡੇ ਅੱਠ-ਨੌਂ ਦੋਸਤਾਂ ਦੇ ਟਵਿੱਟਰ ਮੈਸੇਜ ਦੀ ਮਦਦ ਨਾਲ ਤੁਹਾਡੇ ਪ੍ਰੋਫਾਈਲ 'ਤੇ ਗਏ ਬਿਨਾਂ ਹੀ ਇਸ ਦਾ ਆਸਾਨੀ ਨਾਲ ਅੰਦਾਜ਼ਾ ਲੱਗ ਜਾਂਦਾ ਹੈ ਕਿ ਤੁਹਾਡਾ ਪਿਛਲਾ ਟਵੀਟ ਕੀ ਸੀ। ਖੋਜਕਾਰਾਂ ਜੇਮਸ ਬੈਗਰੋ ਨੇ ਕਿਹਾ, ਜਦ ਤੁਸੀਂ ਕਿਸੇ ਸੋਸ਼ਲ ਸਾਈਟ 'ਤੇ ਲਾਗ-ਇਨ ਕਰਦੇ ਹੋ ਤਾਂ ਕੇਵਲ ਆਪਣੀ ਹੀ ਨਹੀਂ, ਆਪਣੇ ਕਈ ਦੋਸਤਾਂ ਦੀ ਪ੍ਰਾਈਵੇਸੀ ਵੀ ਲੀਕ ਕਰਦੇ ਹੋ। ਖੋਜਕਾਰਾਂ ਨੇ ਕਿਹਾ ਕਿ ਦੋਸਤਾਂ ਦੀ ਪੋਸਟ ਦੀ ਮਦਦ ਨਾਲ ਕੋਈ ਕੰਪਨੀ ਸੌਖੇ ਹੀ ਤੁਹਾਡਾ ਪ੍ਰੋਫਾਈਲ ਬਣਾ ਸਕਦੀ ਅਤੇ ਜਾਣ ਸਕਦੀ ਹੈ ਕਿ ਤੁਹ-ਾਡਾ ਸਿਆਸੀ ਝੁਕਾਅ ਕਿੱਧਰੇ ਹੈ, ਤੁਹਾਨੂੰ ਕਿਹੋ ਜਿਹੇ ਉਤਪਾਦ ਪਸੰਦ ਹਨ ਅਤੇ ਤੁਸੀਂ ਕਿਸ ਧਾਰਮਿਕ ਰੁਝਾਨ ਦੇ ਹੋ। ਬੈਗਰੋ ਨੇ ਕਿਹਾ, ਨਤੀਜਿਆਂ ਤੋਂ ਸਪੱਸ਼ਟ ਹੈ ਕਿ ਨਿੱਜਤਾ ਨੂੰ ਬਚਾਉਣ ਲਈ ਇਕੱਲੇ ਤੁਹਾਡੀਆਂ ਕੋਸ਼ਿਸ਼ਾਂ ਕਾਫੀ ਨਹੀਂ, ਇਸ ਵਿੱਚ ਤੁਹਾਡੇ ਦੋਸਤਾਂ ਦਾ ਸਹਿਯੋਗ ਵੀ ਜ਼ਰੂਰੀ ਹੈ।

# ਬਲੋਚਿਸਤਾਨ ਦੀ ਕੋਲਾ ਖਾਣ ਵਿੱਚ ਧਮਾਕੇ ਕਾਰਨ ਤਿੰਨ ਮਰੇ



ਧਮਾਕੇ ਮਗਰੋਂ ਘਟਨਾ ਸਥਾਨ ਦੇ ਬਾਹਰ ਜਮ੍ਹਾਂ ਹੋਏ ਲੋਕ ਹੋਰ ਕਾਮੇ।

ਕਵੇਟਾ, 23 ਜਨਵਰੀ (ਪੋਸਟ ਬਿਊਰੋ)- ਪਾਕਿ ਦੇ ਬਲੋਚਿਸਤਾਨ ਪ੍ਰਾਂਤ ਦੇ ਡਿੱਕੀ ਜ਼ਿਲੇ ਵਿੱਚ ਇਕ ਕੋਲਾ ਖਾਣ ਵਿੱਚ ਹੋਏ ਗੈਸ ਧਮਾਕੇ ਵਿੱਚ ਤਿੰਨ ਕਰਮਚਾਰੀਆਂ ਦੀ ਮੌਤ ਹੋ ਗਈ ਹੈ।

ਇਸ ਸੰਬੰਧ ਵਿੱਚ ਬਲੋਚਿਸਤਾਨ ਵਿੱਚ ਖਾਣਾਂ ਦੇ ਚੀਫ ਇੰਸਪੈਕਟਰ ਸ਼ਫਾਕਤ ਫੈਯਾਜ਼ ਨੇ ਦੱਸਿਆ ਕਿ ਤਿੰਨ ਹੋਰ ਵਿਅਕਤੀ ਧਮਾਕੇ ਦੇ ਬਾਅਦ ਖਾਣ ਵਿੱਚ ਫਸੇ ਰਹਿ ਗਏ ਹਨ। ਉਨ੍ਹਾਂ ਦੱਸਿਆ ਕਿ ਛੇ ਮਜ਼ਦੂਰ ਕਰੀਬ 1700 ਫੁੱਟ ਡੂੰਘੀ ਖਾਣ ਵਿੱਚ ਕੰਮ ਕਰ ਰਹੇ ਸਨ ਤਾਂ ਹਾਦਸਾ ਹੋਇਆ। ਇਸ ਦੌਰਾਨ ਹੋਏ ਮੀਥੇਨ ਗੈਸ ਧਮਾਕੇ ਨਾਲ ਖਾਣ ਦਾ ਇਕ ਹਿੱਸਾ ਢਹਿ ਗਿਆ। ਫੈਯਾਜ਼ ਨੇ ਦੱਸਿਆ ਕਿ ਬਚਾਅ ਕਰਮਚਾਰੀਆਂ ਨੇ ਮਲਬੇ ਤੋਂ ਤਿੰਨ ਲਾਸ਼ਾਂ ਨੂੰ ਕੱਢਿਆ ਹੈ। ਇਕ ਸਥਾਨਕ ਮਜ਼ਦੂਰ ਸੰਗਠਨ ਦੇ ਆਗੂ ਖੈਰ ਮੁਹੰਮਦ ਨੇ ਦਾਅਵਾ ਕੀਤਾ ਕਿ ਹਾਦਸੇ ਵਿੱਚ ਛੇ ਮਜ਼ਦੂਰਾਂ ਦੀ ਮੌਤ ਹੋਈ ਹੈ, ਕਿਉਂਕਿ ਹਾਦਸੇ ਦੇ ਸਮੇਂ ਖਾਣ ਵਿੱਚ ਦੋ ਦਰਜਨ ਤੋਂ ਵੱਧ ਮਜ਼ਦੂਰ ਕੰਮ ਕਰਦੇ ਸਨ। ਉਨ੍ਹਾਂ ਨੇ ਕਿਹਾ ਕਿ ਮਲਬੇ ਦੇ ਅੰਦਰ ਕਰੀਬ 19 ਕਰਮੀ ਫਸੇ ਹੋਏ ਹਨ। ਡਿੱਕੀ ਇਲਾਕੇ ਵਿੱਚ ਕੰਮ ਕਰਦੇ ਕਰਮਚਾਰੀਆਂ ਨੇ ਖੇਤਰ ਵਿੱਚ ਬਚਾਅ ਮੁਹਿੰਮ ਚਲਾਈ, ਕਿਉਂਕਿ ਅਧਿਕਾਰੀ ਇਸ ਹਾਦਸੇ ਦੇ ਕਰੀਬ 14 ਘੰਟੇ ਬਾਅਦ ਓਥੇ ਪਹੁੰਚੇ। ਬੀਤੇ ਕੁਝ ਮਹੀਨਿਆਂ ਵਿੱਚ ਖਣਿਜਾਂ ਅਤੇ ਕੁਦਰਤੀ ਸਾਧਨਾਂ ਤੋਂ ਸਮਰੱਥ ਬਲੋਚਿਸਤਾਨ ਪ੍ਰਾਂਤ ਵਿੱਚ ਕੋਲਾ ਖਾਣਾਂ ਵਿੱਚ ਸਿਲਸਿਲੇਵਾਰ ਹਾਦਸੇ ਹੋਏ ਹਨ।

# ਰੂਸੀ ਰਾਸ਼ਟਰਪਤੀ ਅਤੇ ਜਾਪਾਨੀ ਪ੍ਰਧਾਨ ਮੰਤਰੀ ਵਿਚਾਲੇ ਬੈਠਕ



ਮੀਟਿੰਗ ਮੌਕੇ ਜਾਪਾਨ ਦੇ ਪ੍ਰਧਾਨ ਮੰਤਰੀ ਸ਼ਿਜੋ ਅਬੇ ਅਤੇ ਰੂਸ ਦੇ ਰਾਸ਼ਟਰਪਤੀ ਵਲਾਦਮੀਰ ਪੁਤਿਨ।

ਮਾਸਕੋ, 23 ਜਨਵਰੀ (ਪੋਸਟ ਬਿਊਰੋ)- ਜਾਪਾਨ ਦੇ ਪ੍ਰਧਾਨ ਮੰਤਰੀ ਸ਼ਿੰਜੋ ਅਬੇ ਨੇ ਕੁਰੀਲ ਟਾਪੂਆਂ ਬਾਰੇ ਵਿਵਾਦ ਹੱਲ ਕਰਨ ਲਈ ਕੱਲ੍ਹ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਮੁਲਾਕਾਤ ਕੀਤੀ। ਸਾਲ 2013 ਤੋਂ ਪਿੱਛੋਂ ਵਲਾਦੀਮੀਰ ਪੁਤਿਨ ਤੇ ਸ਼ਿੰਜੋ ਅਬੇ ਦੀ ਇਹ 25ਵੀਂ ਮੁਲਾਕਾਤ ਹੈ।

ਪ੍ਰਸ਼ਾਂਤ ਮਹਾਸਾਗਰ ਦੇ ਚਾਰ ਟਾਪੂਆਂ ਨੂੰ ਸੋਵੀਅਤ ਰੂਸ ਦੀ ਫੌਜ ਨੇ ਦੂਜੀ ਸੰਸਾਰ ਜੰਗ ਦੌਰਾਨ ਖੋਹ ਲਿਆ ਸੀ। ਜਾਪਾਨ ਇਨ੍ਹਾਂ ਉਤੇ ਰੂਸ ਦੀ ਖੁਦਮੁਖਤਾਰੀ ਮੰਨਣ ਤੋਂ ਇਨਕਾਰ ਕਰਦਾ ਹੈ। ਇਸ ਕਾਰਨ ਦੂਜੀ ਸਮਸਾਰ ਜੰਗ ਖਤਮ ਹੋਣ ਦੇ ਏਨੇ ਸਾਲ ਬਾਅਦ ਵੀ ਦੋਵਾਂ ਦੇਸ਼ਾਂ ਵਿਚਕ-ਾਰ ਸ਼ਾਂਤੀ ਸਮਝੌਤਾ ਨਹੀਂ ਹੋ ਸਕਿਆ। ਆਪਣੀ ਰੂਸ ਯਾਤਰਾ ਤੋਂ ਪਹਿਲਾਂ ਸ਼ਿੰਜੋ ਅਬੇ ਨੇ ਕਿਹਾ ਸੀ ਕਿ ਉਨ੍ਹਾਂ ਨਾਲ ਵਲਾਦੀਮੀਰ ਪੁਤਿਨ ਵੀ ਇਸ ਵਿਵਾਦ ਨੂੰ ਅਗਲੀ ਪੀੜ੍ਹੀ ਤੱਕ ਲਿਜਾਣ ਦੇ ਹੱਕ 'ਚ ਨਹੀਂ ਹਨ, ਪਰ ਪਿਛਲੇ ਕੁਝ ਦਿਨਾਂ 'ਚ ਦੋਵਾਂ ਦੇਸ਼ਾਂ ਦੇ ਆਗੂਆਂ ਦੀਆਂ ਤਲਖ ਟਿੱਪਣੀਆਂ ਕਾਰਨ ਨੇੜਲੇ ਭਵਿੱਖ 'ਚ ਇਹ ਮਸਲਾ ਹੱਲ ਹੁੰਦਾ ਨਜ਼ਰ ਨਹੀਂ ਆ ਰਿਹਾ। ਨਵੇਂ ਸਾਲ ਮੌਕੇ ਆਪਣੇ ਸੰਬੋਧਨ ਵਿੱਚ ਸ਼ਿੰਜੋ ਅਬੇ ਨੇ ਇਨ੍ਹਾਂ ਟਾਪੂਆਂ 'ਤੇ ਰਹਿਣ ਵਾਲਿਆਂ ਨੂੰ ਆਪਣੀ ਨਾਗਰਿਕਤਾ ਬਦਲਣ ਲਈ ਤਿਆਰ ਰਹਿਣ ਦੀ ਗੱਲ ਕੀਤੀ ਸੀ। ਇਸ ਦੇ ਜਵਾਬ 'ਚ ਰੂਸ ਨੇ ਕਿਹਾ ਸੀ ਕਿ ਜਾਪਾਨ ਨੂੰ ਦੂਜੀ ਸੰਸਾਰ ਜੰਗ ਦੇ ਨਤੀਜੇ ਨੂੰ ਮੰਨਦੇ ਹੋਏ ਟਾਪੂਆਂ 'ਤੇ ਰੂਸੀ ਖੁਦਮੁਖਤਿਆਰੀ ਸਵੀਕਾਰ ਕਰ ਲੈਣੀ ਚਾਹੀਦੀ ਹੈ। ਰੂਸ ਦੇ 90 ਫੀਸਦੀ ਲੋਕ ਜਾਪਾਨ ਨੂੰ ਇਕ ਵੀ ਟਾਪੂ ਵਾਪਸ ਕਰਨ ਦੇ ਹੱਕ 'ਚ ਨਹੀਂ ਹਨ।

# ਚੀਨ ਵਿੱਚ ਲੜਕੀਆਂ ਦੀ ਲਾਸ਼ ਨਾਲ ਕਰਵਾਈ ਜਾਂਦੀ ਹੈ ਸ਼ਾਦੀ



ਪੇਈਚਿੰਗ , 23 ਜਨਵਰੀ (ਪੋਸਟ ਬਿਊਰੋ)- ਆਮ ਲੋਕਾਂ ਲਈ ਸ਼ਾਦੀ ਹਮੇਸ਼ਾ ਖਾਸ ਹੁੰਦੀ ਹੈ। ਉਹ ਇਸ ਪਲ ਨੂੰ ਯਾਦਾਂ ਵਿੱਚ ਕੈਦ ਕਰਕੇ ਰੱਖਦੇ ਹਨ, ਪਰ ਚੀਨ ਵਿੱਚ ਇਕ ਜਗ੍ਹਾ ਅਜਿਹੀ ਹੈ ਜਿਥੇ ਲੋਕ ਆਪਣੇ ਘਰ ਦੇ ਕੁਆਰੇ ਲੜਕਿਆਂ ਦੀ ਸ਼ਾਦੀ ਪਹਿਲਾਂ ਮ੍ਰਿਤਕ ਲੜਕੀਆਂ ਦੀ ਲਾਸ਼ ਨਾਲ ਕਰਵਾਉਂਦੇ ਹਨ।

ਚੀਨ ਦੇ ਕਈ ਪਿਛਲੇ ਇਲਾਕਿਆਂ ਵਿੱਚ ਇਸ ਅਜੀਬ ਸ਼ਾਦੀ ਦਾ ਰਿਵਾਜ ਹੈ। ਇਸ ਵਿੱਚ ਕਿਸੇ ਕੁਆਰੀ ਕੁੜੀ ਦੀ ਲਾਸ਼ ਨੂੰ ਕਬਰਸਤਾਨ ਤੋਂ ਕੱਢ ਕੇ ਸ਼ਾਦੀ ਦੇ ਮੰਡਪ ਤੱਕ ਲਿਆਂਦਾ ਅਤੇ ਲਾੜੀ ਵਾਂਗ ਸਜਾਇਆ ਜਾਂਦਾ ਹੈ ਅਤੇ ਫਿਰ ਕਿਸੇ ਕੁਆਰੇ ਲੜਕੇ ਨਾਲ ਉਸ ਦੀ ਸ਼ਾਦੀ ਕਰਵਾਈ ਜਾਂਦੀ ਹੈ। ਸਥਾਨਕ ਲੋਕਾਂ ਦੀ ਸੋਚ ਹੈ ਕਿ ਲੜਕੇ ਦੀ ਮੌਤ ਮਗਰੋਂ ਉਸ ਦੀ ਕਬਰ ਨੇੜੇ ਜੇ ਕਿਸੇ ਸ਼ਾਦੀਸ਼ੁਦਾ ਮਹਿਲਾ ਦੀ ਕਬਰ ਬਣਾਈ ਜਾਵੇ ਤਾਂ ਅਗਲੇ ਜਨਮ ਵਿੱਚ ਉਹ ਕੁਆਰਾ ਨਹੀਂ ਰਹਿੰਦਾ। ਇਹ ਪ੍ਰਥਾ ਚੀਨ ਵਿੱਚ ਪਿਛਲੇ 3000 ਸਾਲਾਂ ਤੋਂ ਚੱਲ ਰਹੀ ਹੈ। ਇਕ ਰਿਪੋਰਟ ਅਨੁਸਾਰ ਏਦਾਂ ਦੀ ਸ਼ਾਦੀ ਲਈ ਮ੍ਰਿਤਕ ਲੜਕੀਆਂ ਦੇ ਲਾਸ਼ ਦੀ ਕੀਮਤ ਲਾਈ ਜਾਂਦੀ ਹੈ। ਪਿੱਛੇ ਜਿਹੇ ਇਕ ਮ੍ਰਿਤਕ ਲੜਕੀ ਦੇ ਪਰਵਾਰ ਨੇ ਸ਼ਾਦੀ ਲਈ ਲੜਕੇ ਵਾਲਿਆਂ ਤੋਂ ਕਰੀਬ ਇਕ ਲੱਖ 80 ਹਜ਼ਾਰ ਯੂਆਨ (18 ਲੱਖ ਰੁਪਏ) ਲਏ ਸਨ। ਇਸ ਪ੍ਰਥਾ ਨੂੰ ਚੀਨ ਸਰਕਾਰ ਨੇ ਗੈਰ ਕਾਨੂੰਨੀ ਐਲਾਨ ਕੀਤਾ ਹੈ, ਪਰ ਲੋਕ ਚੋਰੀ ਛਿਪੇ ਇਸ ਤਰ੍ਹਾਂ ਦੀ ਸ਼ਾਦੀ ਨੂੰ ਕਰੀ-ਕਰਾਈ ਜਾਂਦੇ ਹਨ।

## 27 ਜਨਵਰੀ ਤੋਂ ਯੂਰਪੀਅਨ ਸੈਂਟਰਲ ਬੈਂਕ 500 ਯੂਰੋ ਦੇ ਨੋਟ ਦੀ ਛਪਾਈ ਬੰਦ ਕਰ ਦੇਵੇਗਾ

ਰੋਮ, 23 ਜਨਵਰੀ (ਪੋਸਟ ਬਿਊਰੋ)- ਅਮਰੀਕਾ, ਇੰਗਲੈਂਡ ਅਤੇ ਯੂਰਪੀਅਨ ਦੇਸ਼ਾਂ ਨੇ ਬੇਸ਼ੱਕ ਆਪਣੀ ਕਰੰਸੀ ਨੂੰ ਖਾਸ ਰੂਪ ਦੇ ਕੇ ਇਸ ਦੀ ਨਕਲ ਰੋਕਣ ਲਈ ਜ਼ੋਰ ਲਾਇਆ ਹੈ, ਇਸ ਦੇ ਬਾਵਜੂਦ ਨਕਲੀ ਕਰੰਸੀ ਨੇ ਦੁਨੀਆ ਨੂੰ ਚੱਕਰ ਵਿੱਚ ਪਾ ਰੱਖਿਆ ਹੈ। ਇਸ ਨੂੰ ਰੋਕਣ ਲਈ ਯੂਰਪੀਅਨ ਸੈਂਟਰਲ ਬੈਂਕ ਨੇ 500 ਯੂਰੋ ਦੇ ਨੋਟ ਦੀ ਛਪਾਈ 27 ਜਨਵਰੀ ਤੋਂ ਬੰਦ ਕਰਨ ਦਾ ਫੈਸਲਾ ਕਰ ਲਿਆ ਹੈ, ਪਰ ਜਿਹੜੇ ਪਹਿਲਾਂ ਮਾਰਕੀਟ ਵਿੱਚ 500 ਯੂਰੋ ਵਾਲੇ 260 ਅਰਬ ਤੋਂ ਵੱਧ ਨੋਟ ਮੌਜੂਦ ਹਨ, ਉਹ ਪੂਰੀ ਤਰ੍ਹਾਂ ਵਰਤੋਂ ਯੋਗ ਰਹਿਣਗੇ। ਯੂਰਪੀਅਨ ਸੈਂਟਰਲ ਬੈਂਕ ਦਾ ਇਹ ਫੈਸਲਾ ਯੂਰਪ ਵਿੱਚ ਨਕਲੀ ਨੋਟਾਂ ਨੂੰ ਰੋਕਣ ਲਈ ਕੀਤਾ ਗਿਆ ਹੈ। 27 ਜਨਵਰੀ 2019 ਤੋਂ 19 ਯੂਰੋ ਜ਼ੋਨ ਦੇਸ਼ਾਂ ਵਿੱਚੋਂ 17 ਦੇਸ਼ਾਂ ਦੇ ਕੇਂਦਰੀ ਬੈਂਕਾਂ ਨੂੰ ਯੂਰਪੀਅਨ ਅਥਾਰਟੀਜ਼ ਵੱਲੋਂ 500 ਯੂਰੋ ਦੇ ਨੋਟ ਜਾਰੀ ਕਰਨ ਤੋਂ ਰੋਕ ਦਿੱਤਾ ਜਾਵੇਗਾ। ਆਸਟਰੀਆ ਨੈਸ਼ਨਲ ਬੈਂਕ ਅਤੇ ਜਰਮਨ ਫੈਡਰਲ ਬੈਂਕ 26 ਅਪ੍ਰੈਲ 2019 ਤੱਕ 500 ਯੂਰੋ ਦੇ ਨੋਟ ਜਾਰੀ ਕਰਦੇ ਰਹਿਣਗੇ।

# ਪਾਕਿਸਤਾਨੀ ਅਦਾਲਤ ਨੇ ਮੁੰਬਈ ਹਮਲੇ ਦੀ ਸੁਣਵਾਈ ਫਿਰ ਰੋਕੀ



ਇਸਲਾਮਾਬਾਦ, 23 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੀ ਇਸਲਾਮਾਬਾਦ ਹਾਈ ਕੋਰਟ ਨੇ 2008 ਦੇ ਮੁੰਬਈ ਅੱਤਵਾਦੀ ਹਮਲੇ ਨਾਲ ਜੁੜੇ ਕੇਸ ਦੀ ਸੁਣਵਾਈ ਉੱਤੇ ਫਿਰ ਕੱਚੀ ਰੋਕ ਲਾ ਦਿੱਤੀ ਹੈ। ਇਸ ਕੇਸ ਦੇ ਦੋਸ਼ੀ ਬਣਾਏ ਗਏ ਲਸ਼ਕਰ-ਏ-ਤਾਇਬਾ ਦੇ ਸੱਤ ਅੱਤਵਾਦੀਆਂ ਦੇ ਖ਼ਿਲਾਫ਼ ਅੱਤਵਾਦ ਰੋਕੂ ਅਦਾਲਤ ਵਿਚ ਕੇਸ ਚੱਲ ਰਿਹਾ ਹੈ। ਪਿਛਲੇ 10 ਸਾਲਾਂ ਤੋਂ ਚੱਲਦੇ ਇਸ ਕੇਸ ਵਿਚ ਮਾਮੂਲੀ ਕਾਰਵਾਈ ਹੋਈ ਹੈ। 'ਐਕਸਪ੍ਰੈੱਸ ਟ੍ਰਿਬਿਊਨ' ਦੇ ਮੁਤਾਬਕ ਜਸਟਿਸ ਆਮਿਰ ਫਾਰੂਖ ਤੇ ਜਸਟਿਸ ਮੋਹਸਿਨ ਅਖਤਰ ਕਿਆਨੀ ਦੇ ਬੈਂਚ ਨੇ ਫੈਡਰਲ ਜਾਂਚ ਏਜੰਸੀ (ਐੱਫ ਆਈ ਏ) ਦੀ ਅਰਜ਼ੀ ਉੱਤੇ ਮੰਗਲਵਾਰ ਨੂੰ ਸੁਣਵਾਈ ਕੀਤੀ ਸੀ। ਏਜੰਸੀ ਨੇ ਅੱਤਵਾਦ ਰੋਕੂ ਅਦਾਲਤ ਵਿਚ ਚੱਲਦੇ ਕੇਸ ਉੱਤੇ ਰੋਕ ਦੀ ਮੰਗ ਕੀਤੀ ਤਾਂ ਹਾਈ ਕੋਰਟ ਨੇ ਟ੍ਰਾਇਲ ਉੱਤੇ ਇਕ ਹਫ਼ਤੇ ਦੀ ਰੋਕ ਦੀ ਇਜਾਜ਼ਤ ਦੇਣ ਦੇ ਨਾਲ ਸਰਕਾਰੀ ਧਿਰ ਨੂੰ 19 ਗਵਾਹ ਪੇਸ਼ ਕਰਨ ਦੀ ਖੁੱਲ੍ਹ ਦੇ ਦਿੱਤੀ। ਇਸ ਦੌਰਾਨ ਜਸਟਿਸ ਕਿਆਨੀ ਨੇ ਕਈ ਗਵਾਹਾਂ ਦੇ ਪੇਸ਼ ਨਾ ਹੋਣ ਤੇ ਉਨ੍ਹਾਂ ਦਾ ਪਤਾ ਨਾ ਲੱਗਣ ਦੀ ਟਿੱਪਣੀ ਕੀਤੀ ਤਾਂ ਸਰਕਾਰੀ ਵਕੀਲ ਅਕਰਮ ਕੁਰੈਸ਼ੀ ਨੇ ਕਿਹਾ ਕਿ ਕਈ ਗਵਾਹਾਂ ਦਾ ਪਤਾ ਲਾ ਲਿਆ ਹੈ, ਉਹ ਅਦਾਲਤ ਵਿਚ ਪੇਸ਼ ਹੋਣ ਲਈ ਤਿਆਰ ਹੋ ਗਏ ਹਨ।

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
New Basement $1,000 off with this flyer
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
